ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

# SATJUG

# ਸਤਜੁਗ



1920 ਤੋਂ
ਸਾਲ 100 ਵਾਂ

Price: Rs.5/-

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

੧੬ ਤੋਂ ੨੯ ਕੱਤਕ ੨੦੭੭ ਬਿ.
1 To 14 Nov. 2020

ਜਿਲਦ 28
ਨੰਬਰ 19
Total Pages 44

ਇੱਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ-ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।

# ਅੱਸੂ ਦੇ ਮੇਲੇ ਦੀਆਂ ਝਲਕੀਆਂ













# ਸਤਿਜੁਗ

**੧੬ ਤੋਂ ੨੯ ਕੱਤਕ ੨੦੭੭ ਬਿ.**
**1 ਤੋਂ 14 ਨਵੰਬਰ 2020 ਈ:**
**ਜਿਲਦ 28, ਵੀਰਵਾਰ ਨੰਬਰ 19**

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015


**Advisory Board:**
*Harvendra Singh Hanspal*
*Gurbhej Singh Guraya*
**Editorial Board:**
*Suwarn Singh 'Virk'*
*Harpal Singh 'Sewak'*
*Sukhwinder Singh 'Lyall'*
*Sant Nishan Singh*
*Jaswant Singh 'Mast'*
***Bhajan Singh***
***Gurlal Singh***


*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ USD ਡਾਲਰ

***Designed and Typeset:***
***Hakam Singh***
***Taran Singh 'Bal'***
***Vishav Namdhari Sangat, Sri Bhaini Sahib***

***Satjug@sribhainisahib.com***

**ਪੱਤਰ ਵਿਹਾਰ ਦਾ ਪਤਾ :**
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 99147-02201
98155-75099


# ਤਤਕਰਾ


* ਸੰਪਾਦਕੀ- ਅੱਜ ਲੱਖਾਂ ਧੀਆਂ ਰੋਂਦੀਆਂ
ਗੁਰਲਾਲ ਸਿੰਘ.....................................4

* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ..........................6

* ਸਵਾਮੀ ਹਰਿਨਾਮ ਦਾਸ ਉਦਾਸੀ : ਜੀਵਨ ਤੇ ਖੋਜ ਕਾਰਜ
ਭਜਨ ਸਿੰਘ.....................................8

* ਪੰਜਾਬੀ ਭਾਸ਼ਾ ਦਾ ਸੰਕਟ ਅਤੇ ਸਮਾਧਾਨ
ਡਾ. ਹਰਪ੍ਰੀਤ ਸਿੰਘ.................14

* ਕਵਿਤਾ...............................................................16

* ਕਹਾਣੀ- ਸ਼ੇਰ ਮੁਹੰਮਦ ਚੌਂਕ
ਅਲੀ ਅਕਬਰ ਨਾਤਿਕ.......................17

* ਨਾਮਧਾਰੀ ਬਾਬਿਆਂ ਦੀ ਹਾਕੀ ਖੇਡ
ਜਸਬੀਰ ਸਰਾਂ (ਕਨੇਡਾ)...............21

* A Closer Look at Namdhari Pehrava
Nihal Kaur .................................26

* (ਕਵਿਤਾ) ਔਰਤਾਂ ਪਸ਼ੂ ਨਹੀਂ ਹੁੰਦੀਆਂ.......................27

* ਗੁਰਮਤਿ ਵਿੱਚ ਬਿਬੇਕ ਦਾ ਸੰਕਲਪ
ਹਰਪਾਲ ਸਿੰਘ ਸੇਵਕ.......................28

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਕਵੀ ਪ੍ਰੀਤਮ ਸਿੰਘ ਜੀ.................30

* A Saga of Sri Satguru Jagjit Singh ji
Dr. Sharada Jayagovind .............33

* ਸੁੱਚੇ ਮੋਤੀ ...............................................35

* ਬੱਚਿਆਂ ਦਾ ਪੰਨਾ...........................................36

* ਖ਼ਬਰਨਾਮਾ...................................................37

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਅੱਜ ਲੱਖਾਂ ਧੀਆਂ ਰੋਂਦੀਆਂ...

ਹਾਥਰਸ ਦੀ ਘਟਨਾ ਨੇ ਹਰ ਸੰਵੇਦਨਸ਼ੀਲ ਮਨੁੱਖ ਨੂੰ ਇਹ ਸੋਚਣ 'ਤੇ ਮਜ਼ਬੂਰ ਕਰ ਦਿੱਤਾ ਹੈ ਕਿ ਇਹ ਸਿਲਸਿਲਾ ਕਦੋਂ ਰੁਕੇਗਾ। ਵੇਖੋ, ਜ਼ਾਲਮ ਹੈਵਾਨੀਅਤ ਦੀ ਹੱਦ ਪਾਰ ਕਰ ਗਏ। ਇਸ ਘਟਨਾ ਤੋਂ ਬਾਅਦ ਦੇਸ ਦਾ ਹਰ ਨਾਗਰਿਕ ਜਿਸ ਦੇ ਘਰ ਔਰਤ ਹੈ, ਉਸ ਨੂੰ ਉਸਦੀ ਸੁਰੱਖਿਆ ਲਈ ਚਿੰਤਾ ਹੈ। ਕੀ ਇਸ ਤਰ੍ਹਾਂ ਦੀਆਂ ਘਟਨਾਵਾਂ ਕਦੇ ਨਹੀਂ ਰੁਕ ਸਕਦੀਆਂ? ਇਹ ਸਵਾਲ ਹਰ ਐਸੀ ਘਟਨਾ ਤੋਂ ਬਾਅਦ ਸਾਡੇ ਮਸਤਕ ਵਿੱਚ ਆਉਂਦਾ ਹੈ। ਜਦੋਂ ਦਿੱਲੀ 2012 ਵਿੱਚ ਨਿਰਭਯਾ ਨਾਲ ਇਹੀ ਕੁਝ ਵਾਪਰਿਆ ਤਾਂ ਸੜਕਾਂ 'ਤੇ ਆਉਣ ਵਾਲੇ ਲੋਕਾਂ ਦੇ ਰੋਸ ਨੂੰ ਵੇਖ, ਇਸ ਤਰ੍ਹਾਂ ਲੱਗਦਾ ਸੀ ਕਿ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਰਕਾਰ ਸਖ਼ਤ ਕਦਮ ਉਠਾਏਗੀ। ਬਲਾਤਕਾਰ ਵਰਗੇ ਸੰਗੀਨ ਅਪਰਾਧ ਰੋਕਣ ਲਈ ਸਮੇਂ ਸਮੇਂ ਤੇ ਕਈ ਕਾਨੂੰਨਨ ਸੋਧਾਂ ਵੀ ਹੋਈਆਂ, ਪਰ ਇਹ ਕੇਸ ਰੁਕਣ ਦੀ ਥਾਂ ਵੱਧਦੇ ਹੀ ਜਾ ਰਹੇ ਹਨ। ਹਾਥਰਸ ਮਾਮਲੇ ਵਿੱਚ ਤਾਂ ਕਾਨੂੰਨ ਘਾੜੇ ਤੇ ਰੱਖਿਅਕ ਅਪਰਾਧੀਆਂ ਨੂੰ ਬਚਾਉਂਦੇ ਨਜ਼ਰ ਆਏ। ਕਿੰਨ੍ਹਾ ਸਮਾਂ ਕਾਨੂੰਨ ਦੇ ਮੱਕੜ ਜਾਲ ਨੂੰ ਜਾਣਨ ਵਾਲੇ ਲੋਕ ਇਸ ਦੀਆਂ ਧਾਰਾਵਾਂ ਨੂੰ ਆਪਣੇ ਲਈ ਵਰਤਦੇ ਰਹਿਣਗੇ?

ਇੱਕ ਰਿਪੋਰਟ ਮੁਤਾਬਕ ਭਾਰਤ ਵਿੱਚ ਰੋਜ਼ਾਨਾ ਔਸਤਨ ਸਤਾਸੀ ਮਾਮਲੇ ਬਲਾਤਕਾਰ ਦੇ ਦਰਜ਼ ਹੁੰਦੇ ਹਨ। ਅਸੀਂ ਇਹ ਵੀ ਜਾਣਦੇ ਹਾਂ ਕਿ ਇਸ ਨਾਲੋਂ ਵੱਧ ਕੇਸ ਤਾਂ ਸਾਡੇ ਸਮਾਜ ਵਿੱਚ ਇੱਜ਼ਤ ਦੇ ਨਾਮ ਤੇ ਜਾਂ ਰੁਤਬੇ ਦੇ ਜ਼ੋਰ ਨਾਲ ਦਬਾਅ ਦਿੱਤੇ ਜਾਂਦੇ ਹਨ। ਔਰਤਾਂ ਦੀ ਸੁਰੱਖਿਆ ਦੇ ਮਾਮਲੇ ਵਿੱਚ ਭਾਰਤ ਦੁਨੀਆਂ ਵਿੱਚ 133 ਵੇਂ ਨੰਬਰ 'ਤੇ ਹੈ। ਜੋ ਸਾਡੇ ਆਗੂਆਂ ਲਈ ਸੋਚਣ ਦਾ ਵਿਸ਼ਾ ਹੈ। ਭਗਵਾਨ ਰਾਮ, ਕ੍ਰਿਸ਼ਨ, ਬੁੱਧ ਅਤੇ ਗੁਰੂ ਨਾਨਕ ਦੇ ਸਿਧਾਂਤਾਂ ਨੂੰ ਅਸੀਂ ਵਿਚਾਰਿਆ ਹੀ ਨਾ। ਸਾਡੇ ਰਹਿਬਰਾਂ ਨੇ ਔਰਤ ਨੂੰ ਅਰਧਾਂਗਨੀ ਕਿਹਾ ਭਾਵ ਸਰੀਰ ਦਾ ਅੱਧਾ ਹਿੱਸਾ। ਜਿਸ ਤੋਂ ਬਿਨਾਂ ਮਨੁੱਖ ਅਧੂਰਾ ਹੈ ਪਰ ਅਸੀਂ ਤਾਂ ਇਸਤਰੀ ਨੂੰ ਭੋਗ ਵਿਲਾਸ ਦੀ ਚੀਜ ਤੋਂ ਵੱਧ ਨਹੀਂ ਸਮਝਿਆ ਸਗੋਂ ਬਲਾਤਕਾਰੀ ਬਣ ਉਸ ਦੇ ਸਰੀਰ ਅਤੇ ਮਨ ਨੂੰ ਨੋਚ ਖਾਧਾ। ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਮੁਤਾਬਕ ਪੰਜਾਬ ਵਿੱਚ ਰੋਜ਼ਾਨਾ ਔਸਤਨ ਦੋ ਕੇਸ ਦਰਜ਼ ਹੁੰਦੇ ਹਨ। ਦੇਸ ਦੇ ਦੂਜੇ ਸੂਬਿਆਂ ਦਾ ਹਾਲ ਵੀ ਬਹੁਤ ਮਾੜਾ ਹੈ।

ਧੀਆਂ ਨੂੰ ਸੁਰੱਖਿਅਤ ਕਰਨ ਲਈ ਸਾਨੂੰ ਆਪਣੇ ਮੁੱਢਲੇ ਢਾਂਚੇ ਨੂੰ ਸੁਧਾਰਨ ਦੀ ਲੋੜ ਹੈ। ਅਸੀਂ ਆਪਣੇ ਬੱਚਿਆਂ ਅੰਦਰ ਇਸ ਤਰ੍ਹਾਂ ਦੀ ਨੈਤਿਕਤਾ ਨਹੀਂ ਪੈਦਾ ਕਰ ਸਕੇ, ਜੋ ਉਹ ਵੱਡੇ ਹੋ ਕੇ ਇਸਤਰੀ ਦੀ ਇੱਜ਼ਤ ਕਰਨ ਵਾਲੇ ਬਣਨ। ਇਸ ਦਾ ਇੱਕ ਕਾਰਨ ਸਾਡੇ ਘਰਾਂ ਦਾ ਮਾਹੌਲ ਹੈ, ਜਿਸ ਵਿੱਚ ਬੱਚੇ ਆਪਣੇ ਮਾਂ 'ਤੇ ਪਿਓ ਜਾਂ ਘਰ ਦੇ ਹੋਰ ਮੈਂਬਰਾਂ ਵੱਲੋਂ ਹੋਏ ਤਸ਼ੱਦਦ ਨੂੰ ਵੇਖਦੇ ਹਨ। ਸਾਡੇ ਆਮ ਬੋਲ-ਚਾਲ ਦੌਰਾਨ ਵਰਤੇ ਜਾਂਦੇ ਇਸਤਰੀ ਲਈ ਅਪਮਾਨਜਨਕ ਸ਼ਬਦਾਂ ਦਾ ਅਸਰ ਸਿੱਧੇ ਰੂਪ ਵਿੱਚ

ਬੱਚਿਆਂ 'ਤੇ ਪੈਂਦਾ ਹੈ।

ਇਸਤਰੀਆਂ ਪ੍ਰਤੀ ਨਿਕਾਰਾਤਮਕ ਮਾਨਸਿਕਤਾ ਦਾ ਆਧਾਰ ਸਦੀਆਂ ਤੋਂ ਚੱਲੀ ਆ ਰਹੀ ਉਹ ਸੋਚ ਹੈ ਜਿਸ ਨੇ ਔਰਤ ਨੂੰ ਮਰਦ ਦੇ ਪੈਰ ਦੀ ਜੁੱਤੀ ਸਮਝਿਆ ਅਤੇ ਜ਼ੁਲਮ ਕਰਨਾ ਆਪਣਾ ਅਧਿਕਾਰ। ਸਮਾਜ ਦੇ ਪੜ੍ਹੇ-ਲਿਖੇ ਵਰਗ ਨੇ ਵੀ ਇਸਤਰੀ ਦੀ ਨਿੰਦਿਆ ਰੱਜ ਕੇ ਕੀਤੀ। ਮੱਧਕਾਲ ਦੇ ਪੰਜਾਬੀ ਸਮਾਜ ਵਿੱਚ ਸਭ ਤੋਂ ਵੱਧ ਅਸਰਦਾਰ ਰਿਹਾ ਕਿੱਸਾ ਕਾਵਿ ਇਸਤਰੀਆਂ ਨੂੰ ਭੰਡਣ ਦੀ ਕੋਈ ਕਸਰ ਨਹੀਂ ਛੱਡਦਾ।ਵਾਰਿਸ ਵਰਗਾ ਸ਼ਾਹਕਾਰ ਜੋ ਇਕ ਇਸਤਰੀ ਨੂੰ ਨਾਇਕਾ ਬਣਾ ਕੇ ਸਾਰੀ ਕਹਾਣੀ ਪੇਸ਼ ਕਰਦਾ ਹੈ ਉਹ ਵੀ ਇਸ ਦੋਸ਼ ਤੋਂ ਮੁਕਤ ਨਾ ਹੋ ਸਕਿਆ।

ਵਾਰਿਸ ਰੰਨ ਫ਼ਕੀਰ ਤਲਵਾਰ ਘੋੜਾ
ਚਾਰੇ ਥੋਕ ਕਿਸੇ ਦੇ ਯਾਰ ਨਾਹੀਂ।

ਮੱਧਕਾਲ ਵਿੱਚ ਇਸਤਰੀ ਪ੍ਰਤੀ ਸਕਾਰਾਤਮਕ ਸੋਚ ਦੀ ਮਿਸਾਲ ਗੁਰੂ ਨਾਨਕ ਦੇਵ ਜੀ ਦੀ ਬਾਣੀ ਆਸਾ ਦੀ ਵਾਰ ਦੇ ਸ਼ਬਦ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਵਰਗੀ ਉਦਾਹਰਣ ਹੋਰ ਕਿਸੇ ਕਵੀ ਦੀ ਰਚਨਾ ਵਿੱਚੋਂ ਨਹੀਂ ਮਿਲਦੀ। ਪਰ ਅਫ਼ਸੋਸ ਇਹ ਸ਼ਬਦ ਅਸੀਂ ਇਕੱਲਾ ਸਿਆਸੀ ਅਤੇ ਧਾਰਮਿਕ ਸਟੇਜਾਂ 'ਤੇ ਬੋਲਣ ਵਾਸਤੇ ਹੀ ਰੱਖ ਲਿਆ। ਇਸ ਨੂੰ ਆਪਣੇ ਘਰਾਂ ਵਿੱਚ ਲਾਗੂ ਨਾ ਕੀਤਾ। ਇਸਤਰੀ ਨਾਲ ਸੰਬੰਧਿਤ ਹਰ ਗਾਲ੍ਹ ਕੱਢਣ ਤੋਂ ਪਹਿਲਾਂ ਅਸੀਂ ਇਸ ਉਪਦੇਸ਼ ਤੋਂ ਮੁਨਕਰ ਹੁੰਦੇ ਹਾਂ। ਸਾਨੂੰ ਆਪਣੇ ਬੱਚਿਆਂ ਨੂੰ ਦੱਸਣਾ ਪਵੇਗਾ ਕਿ ਗੁਰੂ ਨਾਨਕ ਦੇਵ ਜੀ ਹਰ ਇਸਤਰੀ, ਜੋ ਕਿਸੇ ਵੀ ਰਿਸ਼ਤੇ ਕਾਰਨ ਸਾਡੇ ਨਾਲ ਸਬੰਧਿਤ ਹੋਵੇ ਜਾਂ ਨਾ ਹੋਵੇ, ਉਸਨੂੰ ਮੰਦਾ ਬੋਲਣ ਤੋਂ ਰੋਕਦੇ ਹਨ।

ਅੱਜ ਵੀ ਸਾਡੇ ਘਰਾਂ ਦੀਆਂ ਇਸਤਰੀਆਂ ਹਨ੍ਹੇਰਾ ਹੋਣ ਤੋਂ ਬਾਅਦ ਘਰਾਂ 'ਚੋਂ ਬਾਹਰ ਨਹੀਂ ਜਾ ਸਕਦੀਆਂ ਕਿਉਂਕਿ ਉਨ੍ਹਾਂ ਦੇ ਚਾਚੇ, ਤਾਏ, ਭਰਾ, ਭਤੀਜੇ, ਦਿਓਰ ਸ਼ਾਮ ਨੂੰ ਨਸ਼ਾ ਕਰਨ ਤੋਂ ਬਾਅਦ ਬਾਹਰ ਗਲੀਆਂ ਦੇ ਮੋੜਾਂ 'ਤੇ ਬੈਠੇ ਰਿਸ਼ਤਿਆਂ ਦੀ ਮਰਿਆਦਾ ਭੁੱਲ ਚੁੱਕੇ ਹੁੰਦੇ ਹਨ। ਜੇ ਕੋਈ ਅਣਹੋਣੀ ਘਟਨਾ ਵਾਪਰ ਜਾਏ ਤਾਂ ਪਹਿਲਾ ਸਵਾਲ ਇਸਤਰੀ ਨੂੰ ਕੀਤਾ ਜਾਂਦਾ ਹੈ- "ਤੂੰ ਬਾਹਰ ਕਿਉਂ ਗਈ?" ਕੀ ਹਨ੍ਹੇਰਾ ਹੰਦਿਆਂ ਹੀ ਸਾਡੇ ਘਰ ਜੇਲ੍ਹ ਬਣ ਜਾਂਦੇ ਹਨ, ਜਿਨ੍ਹਾਂ ਵਿੱਚੋਂ ਬਾਹਰ ਨਿਕਲਣਾ ਦੋਸ਼ ਹੈ ਜਾਂ ਅਸੀਂ ਆਪਣੇ ਸਿਰਜੇ ਹੋਏ ਸਮਾਜ ਨੂੰ ਜੰਗਲ ਸਮਝਦੇ ਹਾਂ। ਜਿਸ ਵਿੱਚ ਮਰਦ ਖ਼ੂੰਖਾਰ ਜਾਨਵਰ ਬਣ ਕੇ ਫਿਰਦੇ ਹਨ।

ਇਹ ਹਾਲਾਤ ਇਕੱਲੇ ਪਿੰਡਾਂ ਦੇ ਨਹੀਂ, ਸ਼ਹਿਰਾਂ ਦੇ ਇਸ ਤੋਂ ਵੀ ਬਦਤਰ ਹਨ। ਜੇ ਦਿੱਲੀ ਰਾਜਧਾਨੀ ਵਿੱਚ ਸੜਕ 'ਤੇ ਬਲਾਤਕਾਰ ਹੋ ਸਕਦਾ ਹੈ ਤਾਂ ਅਸੀਂ ਦੂਜੇ ਸ਼ਹਿਰਾਂ ਬਾਰੇ ਸੌਖਾ ਅੰਦਾਜ਼ਾ ਲਾ ਸਕਦੇ ਹਾਂ। ਨਵੰਬਰ 2019 ਵਿੱਚ ਵਾਪਰੀ ਹੈਦਰਾਬਾਦ ਦੀ ਘਟਨਾ ਤਾਂ ਯਾਦ ਹੋਵੇਗੀ। ਜਿਸ ਵਿੱਚ ਇੱਕ ਵੈਟਰਨਰੀ ਡਾਕਟਰ ਨੂੰ ਆਪਣੇ ਕੰਮ ਤੋਂ ਵਾਪਸ ਘਰ ਆਉਂਦਿਆਂ ਖੁੱਲ੍ਹੇ ਘੁੰਮ ਰਹੇ ਸਾਡੇ ਸਮਾਜ ਦੇ ਮਰਦ ਜਾਨਵਰਾਂ ਨੇ ਬਲਾਤਕਾਰ ਕਰਕੇ ਮਾਰ ਦਿੱਤਾ। ਹਰ ਰੋਜ਼ ਇਸ ਤਰ੍ਹਾਂ ਦੀਆਂ ਘਟਨਾਵਾਂ ਸਾਡੇ ਦੇਸ ਵਿੱਚ ਵਾਪਰ ਰਹੀਆਂ ਹਨ, ਜੋ ਚਿੰਤਾ ਦਾ ਵਿਸ਼ਾ ਹੈ। ਸਾਡਾ ਫ਼ਰਜ਼ ਹੈ, ਅਸੀਂ ਆਪਣੇ ਬੱਚਿਆਂ ਨਾਲ ਇਸ ਬਾਰੇ ਗੱਲ ਕਰੀਏ ਅਤੇ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਈਏ।

ਔਰਤ ਤਾਂ ਇਕ ਉਹ ਪੰਛੀ ਹੈ
ਜਿਸ ਨੂੰ ਸੋਨੇ ਦੇ ਪਿੰਜਰੇ ਵਿੱਚ
ਮੁੱਠ ਸਾਰੀ ਬੱਸ ਕੰਗਣੀ ਪਾ ਕੇ
ਟੰਗ ਦਿੱਤਾ ਹੈ ਜਾਂਦਾ
ਉਹਲੇ ਕੰਧੀਆਂ!

ਪਰ ਇਹ ਫਿਰ ਵੀ ਭੋਲਾ ਪੰਛੀ
ਖਾ ਕੰਗਣੀ ਦੇ ਇਕ ਦੋ ਦਾਣੇ
ਚੁੰਝ ਭਰ ਪੀ ਕੇ ਠੰਡਾ ਪਾਣੀ
ਰਵ੍ਹੇ ਦੁਆਵਾਂ ਦੇਂਦਾ
ਉਮਰੋਂ ਲੰਬੀਆਂ

**- ਗੁਰਲਾਲ ਸਿੰਘ**

# ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**10 ਅਕਤੂਬਰ 2020** **ਅੱਸੂ ਦੇ ਮੇਲੇ ਦੇ ਭੋਗ ਸਮੇਂ (ਸ੍ਰੀ ਭੈਣੀ ਸਾਹਿਬ)**



ਪਰਮ ਸਤਿਕਾਰਯੋਗ ਸਾਧ ਸੰਗਤ ਜੀ ਆਪਾਂ ਜਿਸ ਪਾਤਸ਼ਾਹ ਦਾ 100 ਸਾਲਾ ਪ੍ਰਕਾਸ਼ ਉਤਸਵ ਮਨਾ ਰਹੇ ਹਾਂ, ਇਕ ਵਾਰੀ ਉਹਨਾਂ ਨੂੰ ਯਾਦ ਕਰੀਏ, ਬੜੇ ਪ੍ਰੇਮ ਨਾਲ ਆਖੀਏ- ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ!

ਹਾਲਾਂਕਿ ਇਸ ਮਹਾਂਮਾਰੀ ਦੇ ਕਾਰਨ ਜਿਸ ਢੰਗ ਨਾਲ ਆਪਾਂ ਇਹ 100 ਸਾਲਾ ਪ੍ਰਕਾਸ਼ ਉਤਸਵ ਮਨਾਉਣਾ ਚਾਹੁੰਦੇ ਸੀ, ਉਹ ਨਹੀਂ ਮਨ੍ਹਾ ਸਕੇ। ਜਿੰਨੇ ਚਾਅ ਅਸੀਂ ਪੂਰੇ ਕਰਨਾ ਚਾਹੁੰਦੇ ਸੀ, ਨਹੀਂ ਕਰ ਸਕੇ। ਜੋ ਉਹਨਾਂ ਦੀ ਰਜ਼ਾ ਵਿੱਚ ਹੁੰਦਾ ਹੈ, ਉਹ ਠੀਕ ਹੀ ਹੁੰਦਾ ਹੈ। ਉਹਦੇ ਵਿੱਚ ਹੀ ਸਾਡਾ ਭਲਾ ਹੈ। ਸਿੱਖ ਨੂੰ ਸਿੱਖਿਆ ਹੀ ਰਜ਼ਾ ਵਿੱਚ ਰਹਿਣ ਦੀ ਦਿੱਤੀ ਜਾਂਦੀ ਹੈ। ਤੁਸੀਂ ਇਸ ਟਾਇਮ ਵਿੱਚ ਵੀ ਬਹੁਤ ਨਾਮ-ਸਿਮਰਨ ਕੀਤਾ ਹੈ। ਮੈਨੂੰ ਹਰਕੀਰਤ ਸਿੰਘ ਨੇ ਰੀਪੋਰਟ ਭੇਜੀ ਸੀ ਕਿ 350 ਜਗ੍ਹਾ 'ਤੇ ਨਾਮ-ਸਿਮਰਨ ਹੋਇਆ ਹੈ। ਬਹੁਤੀਆਂ ਥਾਵਾਂ ਤੇ ਉਹਨਾਂ ਨੇ Whats App ਗਰੁੱਪ ਬਣਾ ਕੇ ਆਪਣੇ ਰੋਜ਼ਾਨਾ ਨਾਮ-ਸਿਮਰਨ ਦੀ ਜਾਣਕਾਰੀ ਦਿੱਤੀ ਹੈ। ਇਹਦੇ ਵਿੱਚ 10,000 ਸਰੀਰਾਂ ਤੋਂ ਵੱਧ ਨੇ ਹਿੱਸਾ ਲਿਆ ਹੈ। 250 ਤੋਂ ਜ਼ਿਆਦਾ ਪਿੰਡ ਪੰਜਾਬ ਦੇ ਸੀ। ਉਸ ਤੋਂ ਬਾਅਦ ਹਰਿਆਣੇ, ਯੂ.ਪੀ. ਤੇ ਹੋਰ ਥਾਵਾਂ ਤੋਂ ਇਲਾਵਾ ਵਿਦੇਸ਼ਾਂ ਵਿੱਚੋਂ ਨਿਊਯਾਰਕ, ਟਰਾਂਟੋ, ਵੈਨਕੂਵਰ, ਲਾਸ ਏਂਜਲਸ, ਆਸਟਰੇਲੀਆ ਆਦਿ ਬਹੁਤ ਸਾਰੀਆਂ ਥਾਵਾਂ 'ਤੇ ਸੰਗਤ ਨੇ ਘਰੋਂ-ਘਰੀਂ ਬੈਠ ਕੇ ਨਾਮ-ਸਿਮਰਨ ਕੀਤਾ ਹੈ। ਇਹ ਸਾਰਾ ਕੁਝ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਹੋ ਸਕਿਆ ਹੈ। ਇਹ ਸਾਰਾ ਕੁਝ ਸੱਚੇ ਪਾਤਸ਼ਾਹ ਦੇ ਕਰਾਇਆਂ ਹੀ ਹੁੰਦਾ ਹੈ। ਇਹ ਨਾਮ ਸਿਮਰਨ ਵੱਡੇ ਭਾਗਾਂ ਨਾਲ ਹੀ ਹੁੰਦਾ ਹੈ। ਅਗਲੀ ਗੱਲ ਅੱਜ ਰਾਗੀ ਸ਼ਬਦ ਪੜ੍ਹ ਰਹੇ ਸੀ-

ਚੰਦਨ ਚੰਦੁ ਨਾ ਸਰਦ ਰੁਤਿ ਮੂਲਿ ਨ ਮਿਟਈ ਘਾਂਮ॥
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥

ਸਾਨੂੰ ਹਮੇਸ਼ਾ ਕੋਈ ਨਾ ਕੋਈ ਚਿੰਤਾ ਲੱਗੀ ਰਹਿੰਦੀ ਹੈ। ਅਰਦਾਸ ਕਰਿਆ ਕਰੋ ਨਾਮ ਜੱਪ ਕੇ, ਸਾਡੇ ਮਨ ਨੂੰ ਸ਼ਾਂਤੀ ਮਿਲੇ। ਨਾਮ ਜਪਣ ਦੀਆਂ ਅੱਡ-ਅੱਡ ਅਵਸਥਾਵਾਂ ਹਨ। ਸਤਿਗੁਰੂ ਜਗਜੀਤ ਸਿੰਘ ਜੀ ਬਚਨ ਕਰਦੇ ਹੁੰਦੇ ਸਨ, ਜੇ ਕੋਈ ਮੈਨੂੰ ਆ ਕੇ ਕਹਿੰਦੈ ਕਿ ਮੇਰਾ ਧਿਆਨ ਨਹੀਂ ਲੱਗਦਾ, ਤਾਂ ਮੈਨੂੰ ਬਹੁਤ ਖੁਸ਼ੀ ਹੁੰਦੀ ਹੈ ਕਿ ਤੂੰ ਘੱਟੋ-ਘੱਟ ਧਿਆਨ ਲਾਉਣ ਵਾਲੇ ਪਾਸੇ ਤੁਰਿਆ ਤੇ ਹੈਂ। ਨਾਮ ਜਪਣ ਨਾਲ ਸਾਡੇ ਮਨ ਦੀਆਂ ਚਿੰਤਾਵਾਂ ਦੂਰ ਹੋ ਜਾਂਦੀਆਂ ਹਨ। ਗੁਰਬਾਣੀ ਵਿੱਚ ਵੀ ਲਿਖਿਆ ਹੈ-

ਪ੍ਰਭ ਜੀ ਕੋ ਨਾਮੁ ਜਪਤ ਮਨ ਚੈਨ॥

ਸਾਡੇ ਮਨ ਨੂੰ ਚੈਨ ਆ ਜਾਵੇ। ਬਹੁਤ ਹੱਦ ਤੱਕ ਸਾਡੇ ਦੁੱਖ ਸੁੱਖ ਸਾਡੇ ਮਨ ਨਾਲ ਸਬੰਧਤ ਹਨ। ਸਾਰੇ ਇਕ ਵਾਰ ਆਖੋ- ਧੰਨ ਸਤਿਗੁਰੂ ਅਰਜਨ ਦੇਵ ਮਹਾਰਾਜ। ਉਹਨਾਂ ਦਾ ਸਮਾਂ ਬੜਾ ਦੁਬਿਧਾ ਪੂਰਨ ਸਮੇਂ ਵਿੱਚ ਲੰਘਿਆ। ਉਹਨਾਂ ਦੀ ਬਾਣੀ ਪੜ੍ਹਿਆਂ ਅਨੰਦ ਪ੍ਰਾਪਤ ਹੁੰਦਾ ਹੈ। ਉਹਨਾਂ ਦੇ ਆਲੇ- ਦੁਆਲੇ ਬਹੁਤ ਵਿਰੋਧ ਹੋਣ ਦੇ ਬਾਵਜੂਦ, ਉਹ ਮਨ ਕਰਕੇ ਬਹੁਤ ਸ਼ਾਂਤ ਸਨ। ਏਸੇ ਤਰ੍ਹਾਂ ਸਤਿਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਤੇ ਸਤਿਗੁਰੂ ਗੋਬਿੰਦ ਸਿੰਘ ਜੀ ਵੀ ਅਤਿ ਮੁਸ਼ਕਿਲਾਂ ਦੇ ਦੌਰ 'ਚੋਂ ਲੰਘਦੇ ਹੋਏ ਮਨ ਕਰਕੇ ਬਹੁਤ ਸ਼ਾਂਤ ਰਹੇ। ਮਨ ਦੇ ਸੁੱਖ ਦਾ ਸਬੰਧ ਪੈਸੇ ਨਾਲ ਤਾਂ ਬਿਲਕੁਲ ਨਹੀਂ। ਪੈਸੇ ਵਾਲੇ ਕੋਲ ਬਹੁਤ ਚਿੰਤਾ ਹੁੰਦੀ ਹੈ। ਏਸੇ ਕਰਕੇ ਸੱਚੇ ਪਾਤਸ਼ਾਹ ਹੁਕਮ ਕਰਦੇ ਹਨ-

ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥

ਫਿਰ ਸਾਨੂੰ ਇਸ ਸੰਸਾਰ ਅਤੇ ਅਗਲੇ ਸੰਸਾਰ ਦਾ ਕੋਈ ਦੁੱਖ ਨਹੀਂ ਹੁੰਦਾ। ਇਕ ਦਿਨ ਰਾਗੀਆਂ ਨੇ ਸ਼ਬਦ ਪੜ੍ਹਿਆ ਸੀ-

ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਦਾ ਸੁਖੁ ਹੋਵੈ ਦਿਨੁ ਰਾਤੀ॥

ਸਦਾ ਸੁੱਖ ਤਾਂ ਹੀ ਹੁੰਦਾ ਹੈ ਜੇ ਸਾਡਾ ਮਨ ਸਤਿਗੁਰੂ ਚਰਨਾਂ ਵਿੱਚ ਲੱਗਣ ਲੱਗ ਜਾਵੇ। ਸਿੱਖੀ ਹੈ ਹੀ ਅਦਵੈਤ ਹੋਣ ਦਾ ਨਾਮ।

ਜੋ ਇਸੁ ਮਾਰੇ ਸੋਈ ਸੂਰਾ॥ ਜੋ ਇਸੁ ਮਾਰੇ ਸੋਈ ਪੂਰਾ॥

ਅਰਦਾਸ ਕਰੋ ਸਾਨੂੰ ਇਹ ਅਵਸਥਾ ਪ੍ਰਾਪਤ ਹੋਵੇ। ਸਾਡੇ ਅੰਦਰੋਂ ਦਵੈਤ ਮੁੱਕ ਜਾਵੇ।

ਮੈਂ ਆਪਣੀ ਤੁਛ ਮੱਤ ਮੁਤਾਬਿਕ ਇਹ ਸਮਝਿਆ ਹੈ "ਗੁਰਬਾਣੀ ਉਹਨਾਂ ਦੀ ਰਚਨਾ ਹੈ, ਜੋ ਨਿਰੰਕਾਰ ਨਾਲ ਇੱਕ-ਮਿੱਕ ਹੋ

ਗਏ। '' ਇਸ ਕਰਕੇ ਸਾਨੂੰ ਗੁਰਬਾਣੀ ਨਾਲ ਜੁੜਨਾ ਚਾਹੀਦਾ ਹੈ। ਗੁਰਬਾਣੀ ਨਾਲ ਜੁੜਨ ਤੋਂ ਪਹਿਲਾਂ ਇਹ ਬਹੁਤ ਜ਼ਰੂਰੀ ਹੈ ਕਿ ਸਾਨੂੰ ਪੰਜਾਬੀ ਆਉਂਦੀ ਹੋਵੇ। ਜੇ ਅਸੀਂ ਪੰਜਾਬੀ ਜਾਂ ਗੁਰਮੁਖੀ ਨਾਲੋਂ ਟੁੱਟ ਜਾਵਾਂਗੇ ਤਾਂ ਅਸੀਂ ਗੁਰਬਾਣੀ ਨਾਲੋਂ ਟੁੱਟ ਜਾਵਾਂਗੇ ਤੇ ਹੌਲੀ-ਹੌਲੀ ਸਿੱਖੀ ਤੋਂ ਵੀ ਦੂਰ ਹੋ ਜਾਵਾਂਗੇ। ਕਈ ਪੰਜਾਬੀ ਬੋਲਣ ਲੱਗਿਆਂ ਸ਼ਰਮ ਮਹਿਸੂਸ ਕਰਦੇ ਹਨ। ਇਸ ਕਰਕੇ ਨਹੀਂ ਬੋਲਦੇ ਕਿ ਅਸੀਂ ਬੈਕਵੱਡ ਹੋ ਜਾਵਾਂਗੇ। ਪਰ ਅਸੀਂ ਮਾਂ-ਬੋਲੀ ਨੂੰ ਛੱਡ ਕੇ ਆਪਣੇ ਆਸ਼ੇ ਨਾਲੋਂ ਟੁੱਟ ਜਾਵਾਂਗੇ। ਇੱਕ ਵਾਰ ਸਾਰੇ ਗੱਜ ਕਿ ਆਖੋ- ਧੰਨ ਸਤਿਗੁਰੂ ਰਾਮ ਸਿੰਘ ਜੀ। ਜਿਹਨਾਂ ਨੇ ਗੁਰਬਾਣੀ ਨਾਲੋਂ ਟੁੱਟੇ ਹੋਏ ਲੋਕਾਂ ਨੂੰ ਫਿਰ ਤੋਂ ਗੁਰਬਾਣੀ ਨਾਲ ਜੋੜਿਆ। ਉਹ ਇਕ ਹੁਕਮਨਾਮੇ ਵਿੱਚ ਬਚਨ ਕਰਦੇ ਹਨ, ''ਬੱਚਿਆ ਨੂੰ ਅੱਖਰ ਪੜਾਉਣੇ ਹੋਸ਼ ਆਉਦੀ ਦੇ ਨਾਲ।'' ਇਹ ਬਹੁਤ ਜ਼ਰੂਰੀ ਹੈ, ਜੇ ਤੁਸੀਂ ਬੱਚਿਆਂ ਨੂੰ ਸਕੂਲ ਜਾਣ ਤੋਂ ਪਹਿਲਾਂ ਪੰਜਾਬੀ ਪੜ੍ਹਾਉਣੀ ਸ਼ੁਰੂ ਕਰ ਦੇਵੋਗੇ ਤਾਂ ਉਹ ਸਿੱਖ ਜਾਣਗੇ, ਨਹੀਂ ਤਾਂ ਬਹੁਤ ਔਖਾ ਹੋ ਜਾਵੇਗਾ। ਮੈਂ ਦੁਨੀਆਂਦਾਰੀ ਵਿੱਚ ਵਿਚਰਦਿਆਂ ਇਹ ਵੇਖਿਆ ਹੈ ਕਿ ਤਾਮਿਲ ਆਪਣੇ ਬੱਚਿਆਂ ਨਾਲ ਤਾਮਿਲ ਵਿੱਚ ਗੱਲ ਕਰਦਾ ਹੈ। ਕੰਨੜ, ਕੰਨੜਾ ਵਿੱਚ ਗੱਲ ਕਰਦਾ ਹੈ। ਪਰ ਪੰਜਾਬੀ ਬੰਦਾ ਆਪਣੇ ਬੱਚਿਆਂ ਨਾਲ ਹਿੰਦੀ ਵਿੱਚ ਗੱਲ ਕਰਦਾ ਹੈ। ਜੋ ਕੇ ਬਿਲਕੁਲ ਵੀ ਠੀਕ ਨਹੀਂ।ਪਤਾ ਨਹੀਂ ਸਾਨੂੰ ਆਪਣੀ ਮਾਂ-ਬੋਲੀ ਵਿੱਚ ਗੱਲ ਕਰਦੇ, ਸ਼ਰਮ ਕਿਉਂ ਆਉਂਦੀ ਹੈ। ਅਸਲ ਗੱਲ ਇਹ ਹੈ ਕਿ ਸਾਡੇ ਵਿੱਚ ਹੀਣ-ਪੁਣਾ ਆ ਗਿਆ ਹੈ। ਮੈਂ ਬੇਨਤੀ ਕਰਦਾ ਹਾਂ ਆਪਣੀ ਮਾਂ-ਬੋਲੀ ਸਿੱਖੋ, ਬੋਲੋ ਤੇ ਗੁਰਬਾਣੀ ਨਾਲ ਜੁੜੋ।'

ਹੁਣੇ ਸੰਤ ਨਿਸ਼ਾਨ ਸਿੰਘ ਹੁਰਾਂ ਵੀ ਦੱਸਿਆ ਹੈ ਕਿ ਇਸ ਮਹਾਂਮਾਰੀ ਦੌਰਾਨ ਬਹੁਤ ਬੱਚੇ ਗੁਰਬਾਣੀ ਸਿੱਖਣ ਵਾਲੇ ਪਾਸੇ ਤੁਰੇ ਖਾਸ ਕਰਕੇ ਸ਼ਾਮ ਸਿੰਘ, ਗੁਰਪ੍ਰੀਤ ਸਿੰਘ, ਅਮਰੀਕ ਸਿੰਘ ਨੇ ਆਨ ਲਾਈਨ ਬੱਚਿਆਂ ਨੂੰ ਪੜ੍ਹਾਇਆ। ਸੰਤ ਨਿਸ਼ਾਨ ਸਿੰਘ ਜੀ ਵੀ ਬੱਚਿਆਂ ਨੂੰ ਭੈਣੀ ਸਾਹਿਬ ਪੜਾਉਂਦੇ ਹਨ। ਸੈਂਕੜੇ ਬੱਚੇ ਗੁਰਬਾਣੀ ਨਾਲ ਜੁੜ ਰਹੇ ਹਨ, ਤੁਸੀਂ ਵੀ ਜੁੜੋ। ਜੇ ਤੁਸੀਂ ਸਿੱਖੀ, ਅਧਿਆਤਮਵਾਦ ਅਤੇ ਧਰਮ ਨੂੰ ਸਮਝਣਾ ਹੈ ਤਾਂ ਗੁਰਬਾਣੀ ਨੂੰ ਪੜ੍ਹਨਾ ਬਹੁਤ ਜ਼ਰੂਰੀ ਹੈ। ਗੁਰਬਾਣੀ ਸਾਰੇ ਧਰਮਾਂ ਦਾ ਸਤਿਕਾਰ ਕਰਨ ਲਈ ਕਹਿੰਦੀ ਹੈ। ਪਾਖੰਡ ਤੋਂ ਹਟਾਉਂਦੀ ਹੈ ਤੇ ਸੱਚ ਨਾਲ ਜੋੜਦੀ ਹੈ। ਜੇ ਤੁਸੀਂ ਸੱਚ ਨਾਲ ਜੁੜਨਾ ਹੈ ਤਾਂ ਗੁਰਬਾਣੀ ਤੋਂ ਦੂਰ ਨਾ ਹੋਵੋ। ਗੁਰਬਾਣੀ ਦੇ ਅਰਥ ਸਮਝਣ ਦੀ ਵੀ ਕੋਸ਼ਿਸ਼ ਕਰਿਆ ਕਰੀਏ। ਜਦੋਂ ਅਸੀਂ ਗੁਰਬਾਣੀ ਪੜ੍ਹਦੇ ਹਾਂ ਤਾਂ ਉਦੋਂ ਅਰਥ ਸਮਝਣ ਦੀ ਕੋਸ਼ਿਸ਼ ਕਰੀਏ। ਅਰਥ ਸਮਝ ਕੇ ਫਿਰ ਇਹ ਵੇਖੀਏ ਕਿ ਸਾਡਾ ਜੀਵਨ ਕੇਹੋ ਜਿਹਾ ਹੈ?

ਕਰਨਪਾਲ ਹੋਰਾਂ, ਹਰਕੀਰਤ ਹੋਰਾਂ, ਤੇਜਿੰਦਰ ਹੋਰਾਂ ਬੜੀ ਮਿਹਨਤ ਨਾਲ ਸਤਿਜੁਗ ਦੀ ਐਪ ਤਿਆਰ ਕੀਤੀ ਹੈ। ਉਹਨਾਂ ਨਾਲ ਹਰਪਾਲ ਹੁਰੀਂ, ਸੰਤ ਨਿਸ਼ਾਨ ਸਿੰਘ ਹੁਰੀਂ, ਗੁਰਲਾਲ ਹੁਰੀਂ, ਭਜਨ ਹੁਰੀਂ, ਸਤਿਜੁਗ ਵਿੱਚ ਸੇਵਾ ਕਰਦੇ ਹਨ। ਇਹਨਾਂ ਨੇ ਬੜੇ ਚਾਅ ਨਾਲ ਇਹ ਐਪ ਤਿਆਰ ਕੀਤੀ ਹੈ। ਉੱਥੇ ਤੁਸੀਂ ਸਤਿਜੁਗ Online ਪੜ੍ਹ ਸਕਦੇ ਹੋ। ਕੱਲ ਕਰਨਪਾਲ ਨੇ ਤੁਹਾਨੂੰ ਦੱਸਿਆ ਕਿ ਜੇ ਤੁਹਾਡੇ ਕੋਲ ਪੜ੍ਹਣ ਦਾ ਟਾਇਮ ਨਹੀਂ ਤਾਂ ਤੁਸੀਂ ਉਸ ਐਪ ਤੋਂ ਸਤਿਜੁਗ ਸੁਣ ਵੀ ਸਕਦੇ ਹੋ। ਸਤਿਜੁਗ ਵਿੱਚ ਬੜੇ ਚੰਗੇ ਲੇਖ ਆਉਂਦੇ ਨੇ, ਸੱਚੇ ਪਾਤਸ਼ਾਹ ਦੇ ਉਪਦੇਸ਼ ਆਉਂਦੇ ਹਨ। ਤੁਸੀਂ ਉਸ ਚੀਜ਼ ਦਾ ਵੀ ਲਾਭ ਉਠਾਓ। ਸਤਿਜੁਗ ਦੀ ਐਪ ਡਾਊਨਲੋਡ ਕਰੋ ਤੇ ਸਾਰੇ ਸਬਸਕਰਾਇਬ ਕਰੋ। ਸ਼ੋਸ਼ਲ ਮੀਡੀਆ ਦਾ ਚੰਗੇ ਰੂਪ ਵਿੱਚ ਫਾਇਦਾ ਉਠਾਈਏ ਤੇ ਸਤਿਗੁਰੂ ਨਾਲ ਜੁੜੀਏ।

ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕਰਦੇ ਸਨ ਕਿ ਤੁਹਾਡੇ ਬੱਚੇ ਦਾ ਕਰਮ ਤੁਹਾਡੇ ਹੱਥ ਨਹੀਂ, ਤੁਹਾਡੇ ਬੱਚੇ ਕੋਲ ਬਹੁਤ ਪੈਸੇ ਹੋਣ ਇਹ ਤੁਹਾਡੇ ਹੱਥ ਨਹੀਂ, ਪਰ ਤੁਸੀਂ ਉਸਨੂੰ ਸਿੱਖ ਜ਼ਰੂਰ ਬਣਾ ਸਕਦੇ ਹੋ। ਇਹ ਮਾਪਿਆਂ ਦੇ ਹੱਥ ਵਿੱਚ ਹੈ। ਜੇ ਬੱਚੇ ਨੂੰ ਬਚਪਨ ਤੋਂ ਆਦਤ ਪੈ ਜਾਵੇਗੀ ਕਿ ਸਵੇਰੇ ਟਾਇਮ ਨਾਲ ਉੱਠਣਾ ਹੈ, ਨਾਮ ਜਪਣਾ ਹੈ, ਬਾਣੀ ਪੜ੍ਹਨੀ ਹੈ, ਤਾਂ ਇਹ ਲੀਕਾਂ ਫਿਰ ਪੱਕੀਆਂ ਹੋ ਜਾਣਗੀਆਂ। ਜਿਸ ਤਰ੍ਹਾਂ ਕੱਚੇ ਭਾਂਡੇ ਤੇ ਲੀਕਾਂ ਪਾਉਣੀਆਂ ਸੌਖੀਆਂ ਹਨ ਤੇ ਪੱਕਿਆਂ ਤੇ ਔਖੀਆਂ। ਏਸੇ ਤਰ੍ਹਾਂ ਬੱਚਿਆਂ ਨੂੰ ਚੰਗੇ ਰਸਤੇ ਪਾਉਣਾ ਸੌਖਾ ਹੈ, ਪਰ ਵੱਡੇ ਹੋਇਆਂ ਆਖੇ ਲਾਉਣਾ ਬਹੁਤ ਕਠਿਨ ਹੈ। ਜੇ ਤੁਸੀਂ ਬਚਪਨ ਤੋਂ ਉਹਨਾਂ ਨੂੰ ਚੰਗੀ ਸਿੱਖਿਆ ਦੇਵੋਗੇ ਤਾਂ ਵੱਡੇ ਹੋਕੇ ਚੰਗੇ ਪਾਸੇ ਲੱਗੇ ਰਹਿਣਗੇ। ਉਹ ਦੁਨੀਆਂ ਦੇ ਦੁੱਖਾਂ ਸੁੱਖਾਂ ਵਿੱਚੋਂ ਬੜੇ ਅਰਾਮ ਨਾਲ ਲੰਘ ਜਾਣਗੇ।

ਸਾਨੂੰ ਸਿੱਖਾਂ ਨੂੰ ਪੰਜਾਂ ਕਕਾਰਾਂ ਤੋਂ ਸ਼ਰਮ ਨਹੀਂ ਕਰਨੀ ਚਾਹੀਦੀ। ਤੁਹਾਡੇ ਪੰਜ ਕਕਾਰ ਪੂਰੇ ਹੋਣੇ ਚਾਹੀਦੇ ਨੇ। ਤੁਸੀਂ ਕੇਸਾਂ ਦੀ ਬੇਅਦਬੀ ਨਾ ਕਰਿਆ ਕਰੋ। ਇਹ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਦਾਤ ਹੈ, ਜਿਹਨਾਂ ਨੇ ਆਪਣੇ ਚਾਰੇ ਸ਼ਾਹਿਬਜ਼ਾਦੇ ਸਾਡੇ ਲਈ ਵਾਰ ਦਿੱਤੇ।

ਸਿੱਖ ਧਰਮ ਐਸਾ ਹੈ, ਜੋ ਸਭ ਦਾ ਸਤਿਕਾਰ ਕਰਦਾ ਹੈ ਜੋ ਅਦਵੈਤ ਦੀ ਗੱਲ ਕਰਦਾ ਹੈ। ਇਸ ਕਰਕੇ ਤੁਸੀਂ ਆਪਣੇ ਸਿੱਖ ਹੋਣ ਦਾ ਮਾਣ ਕਰਿਆ ਕਰੋ। ਇਸ ਮਹਾਂਮਾਰੀ ਵਿਚ ਸਿੱਖਾਂ ਨੇ ਬਹੁਤ ਸੇਵਾ ਕੀਤੀ ਹੈ ਕਿਉਂਕਿ ਸਾਨੂੰ ਗੁਰਬਾਣੀ ਨੇ ਇਹ ਸਿਖਾਇਆ ਹੈ ਕਿ ਕਿਸੇ ਨਾਲ ਵਿਤਕਰਾ ਕੀਤੇ ਬਗੈਰ ਦਾਨ-ਪੁੰਨ ਕਰਨਾ ਹੈ।

ਜਿਨ੍ਹਾਂ ਸਤਿਗੁਰਾਂ ਦਾ 100 ਸਾਲਾ ਪ੍ਰਕਾਸ਼ ਉਤਸਵ ਮਨਾ ਰਹੇ ਹਾਂ, ਜਿਨ੍ਹਾਂ ਦੇ ਚਰਨਾਂ ਦਾ ਆਸਰਾ ਲੈ ਕੇ ਤੁਸੀਂ ਸਾਰਿਆਂ ਨੇ ਸੇਵਾ ਕੀਤੀ ਹੈ, ਨਾਮ ਜਪਿਆ ਹੈ। ਉਹਨਾਂ ਦਾ ਨਾਮ ਲਵੋ ਤੇ ਸਾਰੇ ਆਖੋ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।

..........................................................

# ਸਵਾਮੀ ਹਰਿਨਾਮ ਦਾਸ ਉਦਾਸੀ : ਜੀਵਨ ਅਤੇ ਖੋਜ ਕਾਰਜ

–ਭਜਨ ਸਿੰਘ

ਸਵਾਮੀ ਹਰਿਨਾਮ ਦਾਸ ਉਦਾਸੀ, ਪੰਜਾਬੀ ਟੀਕਾ ਸਾਹਿਤ ਦੀ ਲੰਮੀ ਅਤੇ ਅਮੀਰ ਪਰੰਪਰਾ ਵਿੱਚ ਇੱਕ ਗੌਲਣਯੋਗ ਨਾਮ ਹੈ, ਪਰ ਉਹ ਹੁਣ ਤੱਕ ਪੰਜਾਬੀ ਟੀਕਾਕਾਰੀ ਦੇ ਇਤਿਹਾਸ ਵਿੱਚ ਅਣਗੌਲਿਆ ਰਿਹਾ ਹੈ। ਸ਼ਾਇਦ ਇਸਦਾ ਕਾਰਨ ਕਿ ਸਵਾਏ ਜਪੁਜੀ ਸਾਹਿਬ ਦੇ ਟੀਕੇ ਤੋਂ ਉਸਦੀ ਟੀਕਾਕਾਰੀ ਲੋਕਾਂ ਦੇ ਹੱਥਾਂ ਤੱਕ ਨਹੀਂ ਪਹੁੰਚ ਸਕੀ। ਉਹ ਉਸ ਉਦਾਸੀ ਸੰਪ੍ਰਦਾਇ ਨਾਮ ਸੰਬੰਧਿਤ ਸੀ, ਜੋ ਪੰਜਾਬੀ ਟੀਕਾ ਸਾਹਿਤ ਵਿਚ ਸੋਢੀ ਮਿਹਰਬਾਨ ਦੀ 'ਪਰਮਾਰਥ ਪ੍ਰਣਾਲੀ' ਤੋਂ ਬਾਅਦ ਵਿਸ਼ੇਸ਼ ਯੋਗਦਾਨ ਪਾਉਂਦੀ ਹੈ। ਇਸ ਸੰਪ੍ਰਦਾਇ ਦਾ ਪ੍ਰਮੁੱਖ ਟੀਕਾਕਾਰ ਸਾਧੂ ਆਨੰਦਘਨ ਹੋਇਆ ਹੈ, ਜਿਸਨੇ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਛੇ ਪ੍ਰਮੁੱਖ ਬਾਣੀਆਂ ਦੇ ਟੀਕੇ ਕੀਤੇ ਹਨ। ਇਸ ਤੋਂ ਬਾਅਦ ਸਾਧੂ ਸਦਾਨੰਦ ਦਾ ਵੀ ਜਪੁਜੀ ਦਾ ਕੀਤਾ ਹੋਇਆ ਟੀਕਾ ਮਿਲਦਾ ਹੈ, ਇਹ ਵੀ ਉਦਾਸੀ ਸਾਧੂ ਸੀ। ਉਦਾਸੀ ਸੰਪ੍ਰਦਾਇ ਦੁਆਰਾ 18ਵੀਂ ਸਦੀ ਦੇ ਆਖਰੀ ਦਹਾਕੇ ਵਿੱਚ ਸ਼ੁਰੂ ਹੋਈ ਟੀਕਾਕਾਰੀ ਦੀ ਪ੍ਰੰਪਰਾ ਨੂੰ 20ਵੀਂ ਸਦੀ ਦੇ ਸੱਠਵਿਆਂ ਤੇ ਸੱਤਰਵਿਆਂ ਵਿੱਚ ਸਵਾਮੀ ਹਰਿਨਾਮ ਦਾਸ 'ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ' ਅਤੇ 'ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ' ਦਾ ਟੀਕਾ ਕਰਕੇ ਜਾਰੀ ਰੱਖਦਾ ਹੈ।

ਸਵਾਮੀ ਹਰਿਨਾਮ ਦਾਸ ਉਦਾਸੀ ਦਾ ਜਨਮ ਪੱਛਮੀ ਪੰਜਾਬ ਵਿਚ ਪਿਤਾ ਹਰਭਜਨ ਦਾਸ ਦੇ ਘਰ 1902 ਈ: ਨੂੰ ਹੋਇਆ। ਉਸ ਨੂੰ ਬਚਪਨ ਵਿੱਚ ਹੀ ਗੁਰਬਾਣੀ ਪੜ੍ਹਨ ਅਤੇ ਸਮਝਣ ਦੀ ਚੇਟਕ ਲੱਗ ਗਈ। ਬਚਪਨ ਵਿਚ ਹੀ ਪੈਦਾ ਹੋਈ ਗੁਰਬਾਣੀ ਵਾਚਨ ਦੀ ਤੀਬਰ ਜਿਗਿਆਸਾ ਕਾਰਣ ਉਸਨੇ ਵੱਖ-ਵੱਖ ਸਥਾਨਾਂ 'ਤੇ ਜਾ ਕੇ ਵੱਖ-ਵੱਖ ਵਿਦਵਾਨਾਂ ਪਾਸੋਂ ਵਿੱਦਿਆ ਗ੍ਰਹਿਣ ਕੀਤੀ। ਸਵਾਮੀ ਹਰਿਨਾਮ ਦਾਸ ਉਦਾਸੀ ਆਪਣੀ ਇਕ ਪੁਸਤਕ 'ਪੁਰਾਤਨ ਬੀੜਾਂ ਤੇ ਵਿਚਾਰ' ਦੀ ਭੂਮਿਕਾ ਵਿੱਚ ਆਪਣੇ ਵਿੱਦਿਆ ਗੁਰੂਆਂ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ:-"ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪ੍ਰਦਾਯਕ ਅਰਥ ਮੈਂ 1926 ਵਿੱਚ ਸ੍ਰੀ ਮਾਨ ਸਵਾਮੀ ਕਿਸ਼ਨਾਨੰਦ ਜੀ ਉਦਾਸੀਨ ਚੱਕ੍ਰਵਰਤੀ ਤੋਂ ਪਹਿਲੋਂ ਸੁਣੇ ਅਤੇ ਹੋਰ ਇਤਿਹਾਸਿਕ ਗ੍ਰੰਥ ਵੀ ਉਹਨਾਂ ਤੋਂ ਹੀ ਬਹੁਤ ਕਰਕੇ



**ਸਵਾਮੀ ਹਰਿਨਾਮ ਦਾਸ ਉਦਾਸੀ (1902-1982 ਈ:)**

ਪੜ੍ਹੇ। ਫਿਰ ਸ੍ਰੀਮਾਨ ਸੰਤ ਹਰਦਿੱਤ ਸਿੰਘ ਜੀ ਨਿਰਮਲੇ ਵਿਰਕਤਾਂ ਤੋਂ ਅਰਥ ਪੜ੍ਹੇ। ਫਿਰ ਸੰਨ 1930 ਵਿਚ ਸ੍ਰੀ ਮਾਨ ਗਿਆਨੀ ਅਮੀਰ ਸਿੰਘ ਜੀ ਸੇਵਾਪੰਥੀ ਸੱਤੋਵਾਲੀ ਗਲੀ ਅੰਮ੍ਰਿਤਸਰ ਪਾਸੋਂ ਅਰਥ ਪੜ੍ਹੇ। ਇਸ ਤੋਂ ਇਲਾਵਾ ਸ੍ਰੀ ਮਾਧਵਾਨੰਦ ਜੀ ਸਨਯਾਸੀ ਪੁਰੀ, ਸ੍ਰੀ ਗੁਲ ਮੁਹੰਮਦ ਸਾਹਿਬ ਸੱਯਦ ਬਗਦਾਦ ਜਿਲ੍ਹਾ ਮੁਲਤਾਨ, ਪੰਡਿਤ ਪਾਟਨ ਦੀਨ ਜੀ ਭੰਗਹਾ ਜਿਲ੍ਹਾ ਬਹਿੜਾਚਯ (ਉੱਤਰ ਪ੍ਰਦੇਸ਼), ਸ੍ਰੀ ਮਾਨ ਸੰਤ ਗੁਰਮੁੱਖ ਦਾਸ ਜੀ ਬੈਰਾਗੀ ਭੰਗਹਾ, ਪੰਡਿਤ ਦੇਵ ਨਾਰਾਇਣ ਜੀ ਬਨਾਰਸ, ਸਵਾਮੀ ਸੱਤ ਪ੍ਰਕਾਸ਼ ਜੀ ਕਬੀਰ ਪੰਥੀ, ਗਿਆਨੀ ਅਣੋਖ ਸਿੰਘ ਜੀ, ਗਿਆਨੀ ਨਿਹਾਲ ਸਿੰਘ ਜੀ ਰਸ ਅੰਮ੍ਰਿਤਸਰ, ਸੰਤ ਗੁਰਦਿਤ ਸਿੰਘ ਜੀ, ਪੰਡਿਤ ਕੇਸ਼ਵਾਨੰਦ ਜੀ ਉਦਾਸੀਨ ਆਦਿ ਚਾਲੀ ਕੁ ਮਹਾਂਪੁਰਸ਼ਾਂ ਤੋਂ ਅਨੇਕ ਤਰ੍ਹਾਂ ਦੀ ਵਿੱਦਿਆ ਪ੍ਰਾਪਤ ਕੀਤੀ।"[1]

ਭਾਰਤ-ਪਾਕਿ ਵੰਡ ਤੋਂ ਪਹਿਲਾਂ ਸਵਾਮੀ ਹਰਿਨਾਮ ਦਾਸ ਜਿਆਦਾ ਸਮਾਂ ਅਣਵੰਡੇ ਪੰਜਾਬ ਦੀ ਰਾਜਧਾਨੀ ਲਾਹੌਰ ਵਿੱਚ ਰਹਿੰਦਾ ਰਿਹਾ। ਦੇਸ਼ ਦੀ ਵੰਡ ਤੋਂ ਬਾਅਦ ਉਸਨੇ ਆਪਣੀ ਰਿਹਾਇਸ਼ ਕੁਝ ਸਮਾਂ ਤਾਂ ਅੰਮ੍ਰਿਤਸਰ ਸ਼ਹਿਰ ਵਿੱਚ

ਹੀ ਰੱਖੀ। ਪਰ ਕੁਝ ਸਮੇਂ ਬਾਅਦ ਪੱਕੇ ਤੌਰ 'ਤੇ ਇਹ ਕਪੂਰਥਲੇ ਜਾ ਕੇ ਰਹਿਣ ਲੱਗ ਪਿਆ। ਉਦਾਸੀ ਸੰਪ੍ਰਦਾਇ ਵਿੱਚ ਸ਼ਾਮਿਲ ਹੋਣ ਤੋਂ ਪਹਿਲਾਂ ਉਹ ਸਿੱਖਾਂ ਦੀ ਸੰਪ੍ਰਦਾਇ ਨਿਹੰਗ ਸਿੰਘਾਂ ਦੇ ਬੁੱਢਾ ਦਲ ਨਾਲ ਜੁੜਿਆ ਹੋਇਆ ਸੀ। ਬਾਬਾ ਸੰਤਾ ਸਿੰਘ ਜੀ 96ਵੇਂ ਕਰੋੜੀ, ਜੋ ਬਾਅਦ ਵਿੱਚ ਬੁੱਢਾ ਦਲ ਦੇ ਮੁਖੀ ਵੀ ਬਣੇ, ਉਹ ਸਵਾਮੀ ਹਰਿਨਾਮ ਦਾਸ ਉਦਾਸੀ ਦੇ ਖ਼ਾਸ ਮਿੱਤਰ ਸਨ। ਸਵਾਮੀ ਹਰਿਨਾਮ ਦਾਸ ਬਾਬਾ ਸੰਤਾ ਸਿੰਘ ਤੋਂ ਪਹਿਲੇ ਬੁੱਢਾ ਦਲ ਦੇ ਮੁਖੀ ਬਾਬਾ ਚੇਤ ਸਿੰਘ ਹੁਰਾਂ ਦਾ ਗੜਵਈ ਸੀ। ਪਰ ਬਾਅਦ ਵਿੱਚ ਬੁੱਢਾ ਦਲ ਦਾ ਸਾਥ ਛੱਡ ਕੇ ਆਪਣਾ ਨਾਮ ਨੌਰੰਗ ਸਿੰਘ ਤੋਂ ਬਦਲ ਕੇ ਹਰਿਨਾਮ ਦਾਸ ਰੱਖ ਕੇ ਉਦਾਸੀ ਪੰਥ ਵਿੱਚ ਸ਼ਾਮਿਲ ਹੋ ਗਿਆ। ਇਸ ਤੋਂ ਬਾਅਦ ਉਹ ਸਾਰੀ ਉਮਰ ਉਦਾਸੀ ਭੇਖ ਜਾਂ ਸੰਪ੍ਰਦਾਇ ਦਾ ਅਨੁਯਾਈ ਰਿਹਾ। ਉਸ ਦਾ ਸੰਪਰਕ ਸਿਖ ਪੰਥ ਦੀ ਹਰ ਸੰਪ੍ਰਦਾਇ ਨਾਲ ਸੀ। ਇਹ ਚੰਗੇ ਸੰਪਰਕ ਦਾ ਹੀ ਨਤੀਜਾ ਹੈ ਕਿ ਬੁੱਢਾ ਦਲ ਦੇ ਮੁਖੀ ਬਾਬਾ ਸੰਤਾ ਸਿੰਘ ਉਸ ਦੁਆਰਾ ਸੰਪਾਦਿਤ ਕੀਤੇ ਸਰਬਲੋਹ ਗ੍ਰੰਥ ਨੂੰ ਛਪਵਾਉਂਦੇ ਹਨ। ਉਸੇ ਸਮੇਂ ਨਾਮਧਾਰੀ ਸੰਪ੍ਰਦਾਇ ਦੇ ਮੁਖੀ ਸਤਿਗੁਰੂ ਜਗਜੀਤ ਸਿੰਘ ਜੀ ਉਸ ਤੋਂ 'ਆਦਿ ਗ੍ਰੰਥ' ਅਤੇ 'ਦਸਮ ਗ੍ਰੰਥ' ਦੇ ਟੀਕੇ ਹਾਸਿਲ ਕਰਦੇ ਹਨ।

ਸਵਾਮੀ ਹਰਿਨਾਮ ਦਾਸ ਦੀ ਪ੍ਰਤਿਭਾ ਬਹੁ-ਪੱਖੀ ਸੀ, ਉਹ ਪੰਜਾਬੀ ਦਾ ਸਿਰਜਣਾਤਮਕ ਲੇਖਕ (ਕਵੀ), ਖੋਜੀ, ਟੀਕਾਕਾਰ ਅਤੇ ਸੰਪਾਦਕ ਸੀ। ਉਸ ਦੁਆਰਾ ਕੀਤੀ ਗੁਰਬਾਣੀ ਦੀ ਖੋਜ ਇਕ ਸ਼ਲਾਘਾਯੋਗ ਕਾਰਜ ਹੈ। ਜਿੱਥੇ ਉਸ ਨੇ ਪਹਿਲਾਂ ਜਪੁਜੀ ਸਾਹਿਬ ਦਾ ਟੀਕਾ ਅਤੇ ਫਿਰ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਸ੍ਰੀ ਗ੍ਰੰਥ ਸਾਹਿਬ ਦੇ ਟੀਕੇ ਕੀਤੇ, ਉਥੇ ਉਸ ਨੇ ਵੱਖ-ਵੱਖ ਪੁਰਾਤਨ ਬੀੜਾਂ ਦਾ ਅਧਿਐਨ ਵੀ ਕੀਤਾ। ਉਹ ਗੁਰਬਾਣੀ ਨੂੰ ਸ਼ੁੱਧ ਪੜ੍ਹਨ ਅਤੇ ਸ਼ੁੱਧ ਉਚਾਰਣ ਦੇ ਹੱਕ ਵਿੱਚ ਸੀ।'ਪੁਰਾਤਨ ਬੀੜਾਂ ਤੇ ਵਿਚਾਰ' ਨਾਮਕ ਪੁਸਤਕ ਵਿਚ ਉਹ ਲਿਖਦਾ ਹੈ ਕਿ "ਮੇਰਾ ਭਾਵ ਗੁਰਬਾਣੀ ਨੂੰ ਸ਼ੁੱਧ ਪ੍ਰਚਾਰਨ ਦਾ ਹੈ। ਅਸ਼ੁੱਧ ਗੁਰਬਾਣੀ ਪ੍ਰਚਾਰਨ ਵਾਲੇ ਲੋਕ ਭਾਵੇਂ ਉਹ ਕੋਈ ਵੀ ਹਨ, ਮੈਂ ਉਹਨਾਂ ਦਾ ਦੋਖੀ ਹਾਂ। ਇਹ ਬਾਣੀ ਬਾਬਾ ਫਰੀਦ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਦੀ ਬਾਣੀ ਦਾ ਸੰਗ੍ਰਹਿ ਹੈ। ਇਸ ਵਿਚ ਕਿਸੇ ਪੰਥ ਜਾਂ ਮਜ਼ਹਬ ਦਾ ਮੰਡਨ ਨਹੀਂ। ਬਲਕਿ ਇਹ ਪੰਥਾਂ ਦੀ ਵਿਰੋਧੀ ਹੈ। ਇਸ ਨੂੰ ਪੰਥਾਂ ਤੋਂ ਉੱਤੇ ਹੋ ਕੇ ਹੀ ਪ੍ਰਚਾਰਿਆ ਜਾ ਸਕਦਾ ਹੈ। ਇਸ ਉੱਤੇ ਨਿਰਮਲੇ, ਉਦਾਸੀ, ਨਿਹੰਗ ਸਿਘ, ਅਕਾਲੀ, ਅੱਡਣਸ਼ਾਹੀ, ਸਿੱਖ, ਆਦਿਕ ਪੰਥ ਕੋਈ ਹੱਕ ਨਹੀਂ ਰੱਖ ਸਕਦੇ। ਇਸ ਉੱਤੇ ਸੰਪੂਰਣ ਪ੍ਰਾਣੀ ਮਾਤਰ ਦਾ ਹੱਕ ਹੈ। ਜਿਸ ਪਾਸ ਗੁਰਬਾਣੀ ਸ਼ੁੱਧ ਨਹੀਂ ਉਸ ਪਾਸ ਤਾਂ ਕੋਈ ਵੀ ਵਸਤੂ ਹੀ ਨਹੀਂ। ਸ਼ੁੱਧ ਗੁਰਬਾਣੀ ਤਾਂ ਮੈਨੂੰ ਵੀ ਅਜੇ ਤੱਕ ਪ੍ਰਾਪਤ ਨਹੀਂ ਹੋਈ। ਪਰ ਮੈਂ ਸ਼ੁੱਧ (ਗੁਰਬਾਣੀ) ਦਾ ਮੁਤਲਾਸੀ ਜ਼ਰੂਰ ਹਾਂ।"[2] ਗੁਰਬਾਣੀ ਦੀ ਸ਼ੁੱਧਤਾ (ਸ਼ੁੱਧ ਪਾਠ ਤੇ ਸ਼ੁੱਧ ਉਚਾਰਣ) ਦੀ ਚਾਹ ਕਾਰਨ ਹੀ ਸਵਾਮੀ ਹਰਿਨਾਮ ਦਾਸ ਨੇ ਵੱਖ-ਵੱਖ ਬੀੜਾਂ ਦਾ ਅਧਿਐਨ ਕਰਕੇ ਉਹਨਾਂ ਵਿਚਲੇ ਪਾਠ ਭੇਦਾਂ ਨੂੰ ਸਮਝ ਕੇ 'ਪੁਰਾਤਨ ਬੀੜਾਂ ਤੇ ਵਿਚਾਰ' ਨਾਮਕ ਦੋ ਕਿਤਾਬਾਂ (ਭਾਗ ਪਹਿਲਾ ਅਤੇ ਫਿਰ ਭਾਗ ਦੂਜਾ) ਲਿਖੀਆਂ। ਸਵਾਮੀ ਹਰਿਨਾਮ ਦਾਸ ਉਦਾਸੀ, ਜੋ ਲੋਕ ਗੁਰਬਾਣੀ ਨੂੰ ਕੇਵਲ ਪਾਠ ਕਰਨ ਤੇ ਆਮਦਨ ਦਾ ਜ਼ਰੀਆ ਬਣਾਉਂਦੇ ਹਨ, ਉਹਨਾਂ ਦਾ ਵਿਰੋਧੀ ਸੀ। ਉਹ ਲਿਖਦਾ ਹੈ ਕਿ "ਜੋ ਵੀ ਗੁਰਬਾਣੀ ਨੂੰ ਆਮਦਨ ਦਾ ਜ਼ਰੀਆ ਬਣਾਉਂਦਾ ਹੈ, ਉਹ ਪਰਮ ਪਾਪੀ ਹੈ ਅਤੇ ਗੁਰਬਾਣੀ ਨੂੰ ਜੋ ਉੱਚਯ ਜੀਵਨ ਦੀ ਪ੍ਰਾਪਤੀ ਲਈ ਅਨੁਭਵ ਕਰਦਾ ਹੈ, ਉਹ ਪਰਮ ਪੁੰਨੀ ਹੈ।"[3]

ਉਸ ਦੀ ਪਤਨੀ ਦਾ ਨਾਮ ਕਾਂਤਾ ਸੀ ਅਤੇ ਦੋ ਪੁੱਤ੍ਰ ਹਰਦੇਵ ਚੰਦ੍ਰ ਸੂਰੀ (ਜੋ ਹੁਣ ਚੜ੍ਹਾਈ ਕਰ ਚੁੱਕਾ ਹੈ) ਅਤੇ ਰਮੇਸ਼ ਚੰਦ੍ਰ ਸੂਰੀ ਹਨ। ਅਖੀਰ 23 ਜੂਨ 1982 ਈ: ਨੂੰ ਸਵਾਮੀ ਹਰਿਨਾਮ ਦਾਸ ਮੋਗਾ-ਕੋਟਕਪੂਰਾ ਰੋਡ 'ਤੇ ਸੁਆਮੀ ਬੁੱਧ ਦਾਸ ਦੇ ਡੇਰੇ 'ਤੇ ਚੜ੍ਹਾਈ ਕਰ ਗਿਆ।

## ਸਵਾਮੀ ਹਰਿਨਾਮ ਦਾਸ ਉਦਾਸੀ ਦੀ ਰਚਨਾ

ਸਵਾਮੀ ਹਰਿਨਾਮਦਾਸ ਉਦਾਸੀ ਨੇ ਜਿਹੜੀਆਂ ਪੁਸਤਕਾਂ ਦੀ ਰਚਨਾ ਕੀਤੀ ਉਹ ਹੇਠ ਲਿਖੀਆਂ ਹਨ:-

1. ਸ੍ਰੀ ਜਪੁ ਜੀ ਸਟੀਕ
2. ਪੁਰਾਤਨ ਬੀੜਾਂ ਤੇ ਵਿਚਾਰ (ਦੋ ਭਾਗਾਂ ਵਿੱਚ)
3. ਸ੍ਰੀ ਸਰਬਲੋਹ ਗ੍ਰੰਥ ਵਿੱਚੋਂ 'ਖਾਲਸਾ ਪ੍ਰਕਾਸ਼'
4. ਸ੍ਰੀ ਸਰਬਲੋਹ ਗ੍ਰੰਥ ਦੀ ਵਾਕਫੀਅਤ
5. ਵਿਨਯ ਪਤ੍ਰਿਕਾ
6. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ (ਅਪ੍ਰਕਾਸ਼ਿਤ)
7. ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਸਟੀਕ (ਅਪ੍ਰਕਾਸ਼ਿਤ)
8. ਸ੍ਰੀ ਸਰਬਲੋਹ ਗ੍ਰੰਥ (ਸੰਪਾਦਨਾ)

## ਪੁਰਾਤਨਿ ਬੀੜਾਂ ਤੇ ਵਿਚਾਰ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਬੀੜਾਂ ਬਾਰੇ 'ਪੁਰਾਤਨਿ ਬੀੜਾਂ ਤੇ ਵਿਚਾਰ' (ਭਾਗ ਪਹਿਲਾ) ਨਾਮਕ ਪੁਸਤਕ 1969 ਈ: ਵਿੱਚ ਛਪੀ। ਇਸ ਕਿਤਾਬ ਵਿਚ ਸੁਆਮੀ ਹਰਿਨਾਮ ਦਾਸ ਉਦਾਸੀ ਨੇ ਵੱਖ-ਵੱਖ 40 ਬੀੜਾਂ ਅਤੇ ਦੂਜੇ ਭਾਗ ਵਿੱਚ 41 ਤੋਂ 118 ਨੰਬਰ ਤੱਕ ਬੀੜਾਂ ਦਾ ਜ਼ਿਕਰ ਕੀਤਾ ਹੈ। ਇਸ ਵਿੱਚ ਕਰਤਾਰਪੁਰੀ ਬੀੜ, ਦਮਦਮੀ ਬੀੜ, ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਮੌਜੂਦ ਪੁਰਾਤਨ ਬੀੜਾਂ ਦਾ ਵੀ ਜ਼ਿਕਰ ਕੀਤਾ ਹੈ। ਇਸ ਕਿਤਾਬ ਦੀ ਭੂਮਿਕਾ ਵਿੱਚ ਉਸ ਨੇ ਇਸ ਪੁਸਤਕ ਦੀ ਖੋਜ ਵਿਚਲੇ ਮੁੱਖ ਕਾਰਨ ਦਾ ਜ਼ਿਕਰ ਇੰਜ ਕੀਤਾ ਹੈ:-

"ਮੈਂ ਸੰਨ 1943 ਤੋਂ ਲਾਹੌਰ ਰਿਹਾ ਕਰਦਾ ਸਾਂ ਅਤੇ 1947 ਵਿੱਚ ਉਥੋਂ ਹੀ ਨਿਕਲ ਕੇ ਕਪੂਰਥਲੇ ਆ ਗਿਆ ਹਾਂ। ਪਾਰਟੀਸ਼ਨ ਤੋਂ ਪਹਿਲਾਂ ਜੀ. ਬੀ. ਸਿੰਘ ਨੇ 'ਪ੍ਰਾਚੀਨ ਬੀੜਾਂ' ਨਾਂ ਦੀ ਚੰਗੀ ਪੁਸਤਕ ਲਿਖੀ। ਇਸ ਦਾ ਅਣਹੋਣਾ ਵਿਰੋਧ ਸਿੱਖਾਂ ਨੇ ਇਸ ਵਾਸਤੇ ਕੀਤਾ ਕਿ ਜੀ. ਬੀ. ਸਿੰਘ ਦੀ ਪੁਸਤਕ ਸ੍ਰ: ਗੁਰਬਖਸ਼ ਸਿੰਘ, ਮਾਲਕ ਪ੍ਰੀਤਲੜੀ ਨੇ ਛਾਪੀ ਸੀ।'ਪ੍ਰਾਚੀਨ ਬੀੜਾਂ' ਵਿੱਚ ਕੁਝ ਸ਼ਬਦ ਬੇਅਦਬ ਤਰੀਕੇ ਦੇ ਜ਼ਰੂਰ ਸਨ। ਦੂਜਾ ਉਸ ਵਿੱਚ ਕਰਤਾਰਪੁਰ ਵਾਲੀ ਬੀੜ ਅਤੇ ਭਾਈ ਬੰਨੋ ਵਾਲੀ ਬੀੜ (ਮਾਂਗਟ ਜ਼ਿਲ੍ਹਾ ਗੁਜਰਾਤ) ਦਾ ਪੂਰਾ ਵਰਣਨ ਨਹੀਂ ਸੀ। ਮੈਂ ਉਸਨੂੰ ਪੜ੍ਹ ਕੇ ਬਹੁਤ ਪ੍ਰਭਾਵਿਤ ਹੋਇਆ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰਿਸਰਚ ਨਾਲ ਪਾਠ ਕਰਕੇ ਇਹਨਾਂ ਦੋਹਾਂ ਬੀੜਾਂ ਦੀ ਗੰਭੀਰ ਖੋਜ ਕੀਤੀ। ਇਹਨਾਂ ਦੀ ਕਚਿਆਈ ਨੇ ਮੈਨੂੰ ਪਕਿਆਈ ਦਾ ਰਾਹ ਦੇ ਦਿੱਤਾ। ਫੇਰ ਮੇਰਾ ਹੌਂਸਲਾ ਹੋਰ ਵਧ ਗਿਆ ਅਤੇ ਮੈਂ ਕਰੀਬਨ-ਕਰੀਬਨ 40 ਤੋਂ ਉੱਪਰ ਹੱਥ ਲਿਖਤ ਬੀੜਾਂ ਅਤੇ ਦਸਤਖ਼ਤਾਂ ਵਾਲੀਆਂ ਬੀੜਾਂ ਦੇ ਪਾਠ ਭੇਦ, ਲਿਖਤ ਭੇਦ ਆਦਿ ਨੋਟ ਕੀਤੇ।"[4]

ਸਿੱਖ ਇਤਿਹਾਸਕਾਰ ਕਰਤਾਰਪੁਰ ਵਾਲੀ ਬੀੜ ਨੂੰ ਗੁਰੂ ਅਰਜਨ ਦੇਵ ਜੀ ਦੁਆਰਾ ਲਿਖਵਾਈ ਅਤੇ ਭਾਈ ਗੁਰਦਾਸ ਦੁਆਰਾ ਲਿਖੀ ਹੋਈ ਦੱਸਦੇ ਹਨ। ਇਸ ਬੀੜ ਨੂੰ ਗੋਇੰਦਵਾਲ ਵਿੱਚ ਬਾਬਾ ਮੋਹਨ ਜੀ ਤੋਂ ਪ੍ਰਾਪਤ ਹੋਈਆਂ ਸੈਂਚੀਆਂ ਦੀ ਨਕਲ ਦੱਸਿਆ ਜਾਂਦਾ ਹੈ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਕਰਤਾ ਕਵੀ ਸੰਤੋਖ ਸਿੰਘ ਲਿਖਦਾ ਹੈ:-

"ਕਿਤਿਕ ਲਿਖੇ ਜਬਿ,ਜਬਿ ਬੂਝਤ ਭਏ॥
ਕਹੁ ਗੁਰਦਾਸ! ਜਾਨ ਬੀ ਲਏ॥
ਹਾਥ ਜੋਰ ਕੇ ਬਾਕ ਬਖਾਨਯੋ॥
ਰਾਵਰ ਕੀ ਕਰੁਣਾ ਤੇ ਜਾਨਯੋ॥
ਪਤਿ ਕੋ ਬਚ ਬਹੁ ਨਰਨ ਮਝਾਰੀ॥
ਲੇਤਿ ਪਛਾਨ ਦੁਰੀ ਜਿਮ ਨਾਰੀ॥
ਤਿਮ ਪੋਥੀ ਪਰ ਤੇ ਗੁਰ ਬੈਨ॥
ਲਿਖੇ ਪਛਾਨ ਚਤੁਰ ਗੁਰ ਜੈਨ॥
ਅਪਰਨ ਕੇ ਜੋ ਸ਼ਬਦ ਬਨਾਏ॥
ਪਰਖਿ ਪਰਖਿ ਕਰ ਸਰਬ ਹਟਾਏ॥"[5]

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

ਪਰ ਸਵਾਮੀ ਹਰਿਨਾਮ ਦਾਸ ਉਦਾਸੀ ਕਰਤਾਰਪੁਰ ਵਾਲੀ ਬੀੜ ਨੂੰ ਗੁਰੂ ਅਰਜਨ ਦੇਵ ਜੀ ਦੀ ਲਿਖਵਾਈ ਨਹੀਂ ਮੰਨਦਾ ਕਿਉਂਕਿ ਇਸ ਬੀੜ ਵਿਚ ਗੁਰੂ ਅਰਜਨ ਦੇਵ ਅਤੇ ਗੁਰੂ ਹਰਿਗੋਬਿੰਦ ਜੀ ਦੇ ਪ੍ਰਲੋਕ ਸਿਧਾਰਨ ਦੀ ਤਰੀਕ ਲਿਖੀ ਹੋਈ ਹੈ। ਸਵਾਮੀ ਹਰਿਨਾਮ ਦਾਸ ਇਕ ਥਾਂ ਲਿਖਦਾ ਹੈ ਕਿ ਮੈਂ ਪ੍ਰਿੰਸੀਪਲ (ਜੋਧ ਸਿੰਘ) ਯਾਂ ਹੋਰਨਾਂ ਨੂੰ ਦ੍ਰਿੜ ਵਿਸ਼ਵਾਸ਼ ਨਾਲ ਕਹਿੰਦਾ ਹਾਂ ਕਿ ਮੇਰਾ ਸੰਬੰਧ ਸੁਪਨੇ ਵਿਚ ਵੀ ਭਸੌੜ ਜਾਂ ਕਿਸੇ ਹੋਰ ਬਾਣੀ ਵਿਰੋਧੀ ਸੰਸਥਾ ਨਾਲ ਨਹੀਂ, ਮੈਂ ਕੇਵਲ ਖੋਜ ਦੇ ਆਧਾਰ 'ਤੇ ਪੁੱਛਦਾ ਹਾਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਰਲੋਕ ਗਮਨ ਦੀ ਤਿਥਿ ਦੱਸਣ ਵਾਲੀ ਬੀੜ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਿਖਵਾਈ ਹੋਈ ਕਿਸ ਤਰ੍ਹਾਂ ਹੋ ਸਕਦੀ ਹੈ?[6]

ਇਸ ਤੋਂ ਇਲਾਵਾ ਸਵਾਮੀ ਹਰਿਨਾਮ ਦਾਸ ਉਦਾਸੀ ਵੱਖ-ਵੱਖ 118 ਬੀੜਾਂ ਦਾ ਜ਼ਿਕਰ ਕਰਕੇ ਉਹਨਾਂ ਵਿਚਲੇ ਪਾਠ ਭੇਦਾਂ ਨੂੰ ਸਾਹਮਣੇ ਲਿਆਉਂਦਾ ਹੈ। ਇਹਨਾਂ ਪਾਠ ਭੇਦਾਂ ਦਾ ਮੁੱਖ ਕਾਰਨ ਸਵਾਮੀ ਹਰਿਨਾਮ ਦਾਸ ਇਸ ਕਿਤਾਬ ਵਿੱਚ ਅਤੇ ਆਪਣੇ ਸੰਪੂਰਨ ਟੀਕੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ ਵਿੱਚ ਵੀ 'ਲਿਖਾਰੀ ਦੀ ਭੁੱਲ' ਦੱਸਦਾ ਹੈ।

## ਵਿਨਯ ਪਤ੍ਰਿਕਾ

ਸਵਾਮੀ ਹਰਿਨਾਮ ਦਾਸ ਉਦਾਸੀ ਦੀ ਇਕ ਹੋਰ ਖ਼ਾਸ ਪੁਸਤਕ 'ਵਿਨਯ ਪਤ੍ਰਿਕਾ' ਹੈ। ਇਹ ਕਵਿਤਾ ਵਿੱਚ ਲਿਖੀ ਗਈ ਪੁਸਤਕ ਹੈ। ਜਿਸ ਵਿੱਚ ਸੁਆਮੀ ਹਰਿਨਾਮ ਦਾਸ ਉਦਾਸੀ ਬ੍ਰਿਜ ਭਾਸ਼ਾ ਵਿੱਚ ਕਵਿਤਾ ਰਚ ਕੇ ਉਦਾਸੀ ਪੰਥ ਦੇ ਮੋਢੀ ਭਗਵਾਨ ਸ੍ਰੀ ਚੰਦ ਦੀ ਮਹਿਮਾ ਕਰਦਾ ਹੈ। ਇਸ ਪੁਸਤਕ ਦੇ ਕੁਲ 155 ਬੰਦ ਲਿਖੇ ਹਨ। ਜਿਨ੍ਹਾਂ ਵਿਚੋਂ 136 ਕਬਿੱਤ, 6 ਦੋਹਰੇ ਅਤੇ 13 ਚੌਪਈ ਦੇ ਬੰਦ ਹਨ। ਇਸ ਗ੍ਰੰਥ ਦੀ ਸ਼ੁਰੂਆਤ ਸਵਾਮੀ ਜੀ ਇੰਜ ਕਰਦੇ ਹਨ-

"ਓ ਸ਼੍ਰੀ ਭਗਵਾਨ ਸਤਿਗੁਰੂ ਸ੍ਰੀ ਚੰਦਾਯ ਨਮ:

ਅਥ ਸ੍ਰੀ ਭਗਵਾਨ ਸਤਿਗੁਰੂ ਸ੍ਰੀ ਚੰਦ੍ਰ ਵਿਨਯ ਪਤ੍ਰਿਕਾ ਲਿਖਯਤੇ

ਦੋਹਰਾ:

ਓਅੰਕਾਰ ਵਿਚ ਵੇਦ ਧੂਨਿ, ਸਕਲ ਸਾਮਰਥਕ ਜੋਤਿ॥
ਕੋਟ ਭਾਨੁ ਬਿਧੁ ਤੇਜ ਬਰ, ਨਮੋ ਮੋਖ ਕਰ ਪੋਤਿ॥੧॥ "[7]

ਇਸ ਪੁਸਤਕ ਦੇ ਪਹਿਲੇ 59 ਬੰਦਾਂ ਤੱਕ ਸਵਾਮੀ ਹਰਿਨਾਮ ਦਾਸ ਨੇ ਭਾਵਾਰਥ ਵੀ ਕੀਤੇ ਹਨ ਪਰ ਬਾਕੀ ਮਗਰਲੇ ਬੰਦਾਂ ਦੇ ਕੇਵਲ ਔਖੇ ਸ਼ਬਦਾਂ ਦੇ ਪਦ ਅਰਥ ਹੀ ਲਿਖੇ ਹਨ। ਇਹ ਵੀ ਇਕ ਨਿਵੇਕਲੀ ਗੱਲ ਹੈ ਕਿ ਉਸ ਨੇ ਆਪ ਹੀ ਕਵਿਤਾ ਰਚੀ ਅਤੇ ਆਪ ਹੀ ਉਸਦੇ ਅਰਥ ਜਾਂ ਟੀਕਾ ਕੀਤਾ। ਸਵਾਮੀ ਹਰਿਨਾਮ ਦਾਸ ਭਗਵਾਨ ਸ੍ਰੀ ਚੰਦ ਦੀ ਮਹਿਮਾ ਕਰਦਾ ਹੋਇਆ ਇਕ ਕਬਿੱਤ ਲਿਖਦਾ ਹੈ:-

"ਅੰਗ ਅੰਗ ਤਪਤ ਹੁਤਾਸਾਨ ਪ੍ਰਕਾਸ਼ਨ ਕੈ
ਏਕ ਠੌਰ ਥਿਤਿ ਚਿਤ ਕਬਹੂੰ ਨ ਭਾਵਤੋ॥
ਰਿਦਯ ਕੀ ਜਲਨ ਕ੍ਰੂਰ ਸੁਤਨ ਜਨਮ ਦੀਨੋ
ਯਮਰਾਜ ਸ਼ਨੀ ਪੇਖ ਭਵ ਭਯ ਪਾਵਤੋ॥
ਵਿਘਨ ਵਿਹੀਨ ਲੀਨ ਏਕ ਰਸ ਤਪੋਵ੍ਰਤ
ਚੀਨ ਚੀਨ ਜੀਵ ਜੰਤੁ ਮਯਾਦਾਨ ਯਾਚਤੋ॥
ਨਿਤਯ ਪ੍ਰਤਿ ਦ੍ਰਿੜ ਧਰਮ-ਯੋਗ ਪ੍ਰਤਿਪਾਰਤ ਹੈ
ਤੌ ਹੂੰ ਰਵਿ ਸ੍ਰੀ ਚੰਦ੍ਰ ਚਰਨ ਨ ਸਮਾਵਤੋ॥

ਇਸ ਕਬਿੱਤ ਦੇ ਭਾਵਾਰਥਾਂ (ਟੀਕੇ) ਦਾ ਨਮੂਨਾ ਵੀ ਲੱਗਦੇ ਹੱਥ ਦੇਖਿਆ ਜਾ ਸਕਦਾ ਹੈ:

ਭਾਵਾਰਥ:-(ਸੂਰਜ ਦਾ) ਅੰਗ ਅੰਗ ਅੱਗ ਦੇ ਪ੍ਰਭਾਵ ਨਾਲ (ਤਪਸਵੀਆਂ ਵਾਂਗੁ) ਤਪਦਾ ਹੈ (ਸੂਰਜ ਨੂੰ) ਇਕ ਥਾਂ ਟਿਕਾਣਾ (ਤਪਸਵੀਆਂ ਵਾਂਗੂ) ਕਦੀ ਦਿਲ ਵਿਚ ਚੰਗਾ ਨਹੀਂ ਲੱਗਦਾ। (ਸੂਰਜ ਦੇ) ਦਿਲੀ ਸਾੜੇ ਨੇ ਭੈੜੇ ਪੁੱਤਾਂ ਨੂੰ ਪੈਦਾ ਕੀਤਾ ਹੈ। (ਉਹ ਸੂਰਜ ਦੇ ਪੁੱਤ) ਧਰਮਰਾਜ ਅਤੇ ਛਨਿੱਛਰ ਹਨ (ਜਿਨ੍ਹਾਂ ਨੂੰ) ਵੇਖ (ਅਨੁਭਵ ਕਰ) ਕੇ ਸੰਸਾਰ ਡਰਦਾ ਹੈ। ਲਗਾਤਾਰ (ਸੂਰਜ) ਨਿਰਵਿਘਨ ਤਪੋ ਧਰਮ ਵਿੱਚ (ਪਿੱਛੇ ਕਹੇ ਅਨੁਸਾਰ) (ਲੀਨ) ਲੱਗਾ ਹੋਇਆ ਹੈ। (ਸੂਰਜ ਦੇ ਤਪੋ ਧਰਮ =ਤੇਜਸਵੀ ਪ੍ਰਭਾਵ ਨੂੰ) ਵੇਖ ਵੇਖ ਕੇ ਯਾਵਤ ਜਿੰਨੇ ਵੀ ਜੀਵ ਜੰਤੂ ਛੋਟੇ ਵੱਡੇ ਜੀਵ ਹਨ ਕ੍ਰਿਪਾ ਦਾ ਦਾਨ ਹੀ ਚਾਹੁੰਦੇ, ਇਹੋ ਜਿਹਾ (ਯੋਗ ਧਰਮ) ਤਪੋਮਯ ਧਰਮ ਪ੍ਰਭਾਵ (ਸੂਰਜ) ਸਦਾ ਹੀ ਨਿਬਾਹੁੰਦਾ ਹੈ ਪਰ ਤਾਂ ਵੀ (ਸ੍ਰੀ ਭਗਵਾਨ ਸਤਿਗੁਰੂ) ਸ੍ਰੀ ਚੰਦ੍ਰ (ਮਹਾਰਾਜ) ਜੀ ਦੇ ਚਰਨਾਂ ਦੇ ਬਰੋਬਾਰ ਨਹੀਂ ਆ ਸਕਦਾ। "[8]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਵਾਮੀ ਹਰਿਨਾਮ ਦਾਸ ਉਦਾਸੀ ਨੇ ਅਰਥ ਕਰਨ ਸਮੇਂ ਅਧਿਯਾਹਾਰ (ਅਰਥਾਂ ਦੀ ਲੜੀ ਬਣਾਉਣ ਲਈ ਵਰਤਿਆ ਜਾਣ ਵਾਲਾ ਵਾਕੰਸ਼) ਵਰਤੇ ਹਨ, ਜਿਨ੍ਹਾਂ ਦੀ ਵਰਤੋਂ ਬਰੈਕਟਾਂ() ਪਾ ਕੇ ਕੀਤੀ ਗਈ ਹੈ। ਇਸੇ ਤਕਨੀਕ ਦੀ ਵਰਤੋਂ ਸਵਾਮੀ ਜੀ ਨੇ ਆਦਿ ਅਤੇ ਦਸਮ ਗ੍ਰੰਥਾਂ ਦਾ ਟੀਕਾ ਕਰਨ ਸਮੇਂ ਵੀ ਕੀਤੀ ਹੈ। ਕਵਿਤਾ ਰਚਦੇ ਸਮੇਂ ਸਵਾਮੀ ਜੀ ਨੇ ਹਿੰਦੀ, ਪੰਜਾਬੀ ਮਿਸ਼ਰਤ ਬ੍ਰਿਜ ਭਾਸ਼ਾ ਦੀ ਵਰਤੋਂ ਕੀਤੀ ਹੈ। ਕਵਿਤਾ ਵਿੱਚ ਅਲੰਕਾਰਾਂ ਦੀ ਭਰਪੂਰ ਵਰਤੋਂ ਕੀਤੀ ਹੈ। ਮੱਧਕਾਲ ਦੇ ਪੰਜਾਬੀ ਅਤੇ ਬ੍ਰਿਜ ਭਾਸ਼ਾ ਵਿੱਚ ਕਾਵਿ ਗ੍ਰੰਥ ਲਿਖਣ ਵਾਲੇ ਕਵੀਆਂ ਵਾਂਗ ਸਵਾਮੀ ਜੀ ਨੇ ਵੀ ਆਪਣੇ ਗ੍ਰੰਥ ਦੀ 'ਪੁਸ਼ਪਿਕਾ' (ਅੰਤਿਕਾ) ਵਿੱਚ ਆਪਣੇ ਥਾਂ-ਟਿਕਾਣੇ ਦਾ ਜ਼ਿਕਰ ਕੀਤਾ ਹੈ-

ਦੋਹਰਾ: ਸੰਮਤ ਬਿਦ੍ਰਮ ਨ੍ਰਿਪਤਿ ਵਰ, ਬਾਣ ਬੈਣ ਨਭ ਪੱਖ॥
ਬ੍ਰਿਖ ਰਾਸ਼ਿ ਕ੍ਰਿਸ਼ਣੈਕਦਸਿ, ਭੌਮ ਸੁ ਬਾਸਰ ਦੱਖ॥
ਥਲ ਕਰਪੂਰੈ ਬਾਸ ਭਲ ਗ੍ਰੰਥ ਅਰੰਭਯੋ ਜਾਨ॥
ਕੀਨਿ ਅੰਤ ਸਮਾਪਤੀ ਨਿਰਵਿਘਨਹਿ ਭਗਵਾਨ॥
ਸ਼੍ਰੀ ਚੰਦ੍ਰ ਪ੍ਰਭੁ ਦਯਾ ਕਰਿ ਲਿਹੁ ਨਿਜ ਪਰਾਨ ਮਿਲਾਇ॥
ਬਿਗਰੇ ਨਾਹਿਨ ਲੋਕ ਦ੍ਵੈ ਹੋਵਹੁ ਦਾਸ ਸਹਾਇ॥

ਇਤਿ ਸ਼੍ਰੀ ਭਗਵਾਨ ਸਤਿਗੁਰੂ ਮਹਾਰਾਜ ਸ਼੍ਰੀ ਚੰਦ੍ਰ ਜੀ ਵਿਨਯ ਪਤ੍ਰਿਕਾ

ਸਵਾਮੀ ਹਰਿਨਾਮਦਾਸ ਵਿਰਚਿਤਾਯਾਂ ਸਮਾਪਤਿ ਮਸਤੁ ਸੁਭ ਮਸਤੁ॥

## ਸ੍ਰੀ ਸਰਬਲੋਹ ਗ੍ਰੰਥ

ਸ੍ਰੀ ਸਰਬਲੋਹ ਗ੍ਰੰਥ ਦੀ ਸੰਪਾਦਨਾ ਦਾ ਮਹਾਨ ਕਾਰਜ ਵੀ ਸਵਾਮੀ ਹਰਿਨਾਮ ਦਾਸ ਉਦਾਸੀ ਨੇ ਹੀ ਕੀਤਾ। ਜਿਸਨੂੰ ਉਹ ਆਪਣੇ ਸ਼ਬਦਾਂ ਵਿੱਚ ਇੰਜ ਲਿਖਦਾ ਹੈ ਕਿ ਸ੍ਰੀ ਸਤਿਗੁਰੂ ਸ੍ਰੀ ਚੰਦ੍ਰ ਮਹਾਰਾਜ ਜੀ ਦੀ ਅਸੀਮ ਕ੍ਰਿਪਾ ਦਾ ਫਲ 37 ਸਾਲ ਦੀ ਆਯੂ ਅਟੁੱਟ ਲਗਨ ਸ੍ਰੀ ਸਰਬਲੋਹ ਗ੍ਰੰਥ ਜੀ ਦੀ ਰੀਸਰਚ ਕਰਦਿਆਂ ਬੀਤ ਗਈ।[10] ਸਰਬਲੋਹ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਕਾਵਿ ਕ੍ਰਿਤ ਹੈ। ਇਸਦੀ ਰਚਨਾ ਗੁਰੂ ਜੀ ਨੇ ਵੈਸਾਖ ਸੁਦੀ, 1755 ਬਿ. ਮੁਤਾਬਿਕ 1698 ਈ. ਨੂੰ ਸੰਪੂਰਨ ਕੀਤੀ ਸੀ। "ਸ੍ਰੀ ਸਰਬਲੋਹ ਗ੍ਰੰਥ ਜਿਸਦੀ ਸ਼ੈਲੀ ਅਤੇ ਤਕਨੀਕ ਚੰਡੀ ਚਰਿਤ੍ਰ ਨਾਲ ਹੀ ਮਿਲਦੀ-ਜੁਲਦੀ ਹੈ ਕਿਉਂਕਿ ਸ੍ਰੀ ਸਰਬਲੋਹ ਗ੍ਰੰਥ ਜੀ ਵੀ, ਬੀਰ ਰਸੀ ਮਹਾਨ ਕਾਵਿ ਕਲਾ ਕ੍ਰਿਤ ਦਾ ਸਰਵੋਤਮ ਕ੍ਰਿਸ਼ਮਾ ਹੈ। ਇਸ ਵਿੱਚ ਵੀ ਅਨੁਭਵ ਰਾਹੀਂ ਆਤਮਪ੍ਰਵਾਜ਼ ਦੇ ਅਤਿ ਉੱਤਮ ਅਤੇ ਸੁੰਦਰ ਪ੍ਰਭਾਵ ਮਿਲਦੇ ਹਨ। ਸਭ ਤੋਂ ਵਧੇਰੇ

ਖੂਬਸੂਰਤ ਤੇ ਅਨੁਭਵੀ ਕਲਾਮਈ ਕ੍ਰਿਸ਼ਮਾ ਇਹ ਹੈ ਕਿ ਸ੍ਰੀ ਸਤਿਗੁਰੂ ਕਲਗੀਧਰ ਜੀ ਬੀਰ-ਰਸ-ਰੰਗ ਅੰਦਰ ਆਏ ਹੋਏ ਕਿਸੇ ਮੈਦਾਨ-ਏ-ਜੰਗ ਦਾ ਸੁੰਦਰ ਵਰਣਨ ਕਰਦੇ ਹਨ ਤਾਂ ਉੱਚੀਆਂ ਅਨੂਪਮ ਛੋਹਾਂ ਨੂੰ ਚਿਤ੍ਰਦੇ ਪ੍ਰਤੀਤ ਹੁੰਦੇ ਹਨ। ਯੋਧਿਆਂ ਦੇ ਜੰਗੀ ਬਸਤ੍ਰਾਂ ਦੀ ਸਜਾਵਟ, ਦਲਾਂ ਦੀਆਂ ਕਤਾਰਾਂ, ਹਾਥੀ, ਘੋੜਿਆਂ ਤੇ ਊਠਾਂ ਦੇ ਸਵਾਰਾਂ ਦੀਆਂ ਅਨੂਪਮ ਛਵੀਆਂ ਦਾ ਪ੍ਰਗਟਾ ਕਰਦੇ ਹਨ। ਨਿਸ਼ਾਨਾਂ ਦਾ ਹਵਾ ਵਿੱਚ ਫਹਿਰਾਉਣਾ, ਸ਼ਸ਼ਤ੍ਰਾਂ ਦੀ ਝਨਕਾਰ ਅਤੇ ਰੰਗਾਂ-ਰੰਗ ਜੰਗੀ ਨਜ਼ਾਰਿਆਂ ਦਾ ਵਰਣਨ ਕਰਦਿਆਂ ਹੋਇਆਂ ਜੰਗੀ ਵਾਜਿਆਂ, ਨਰ ਸਿੰਘੀਆਂ, ਨਗਾਰਿਆਂ ਤੇ ਧੌਂਸਿਆਂ ਦੀ ਮਾਰੂ-ਘਨਘੋਰ ਵਿੱਚ ਵੀ ਆਪ ਕਿਸੇ ਅਦ੍ਰਿਸ਼ਟ 'ਨਿਰਮਲ-ਅਜਲੀ-ਜੋਤਿ' ਪਰਮ ਪੁਰਖ ਵਾਹਿਗੁਰੂ, ਅਕਾਲ ਪੁਰਖ, ਸ੍ਰੀ ਮਹਾਕਾਲ ਵਿੱਚ ਅਭੇਦ ਹੋ ਜਾਣਾ ਅਤੇ "ਦਵੈ ਤੇ ਏਕ ਰੂਪ"-ਇਕ ਰਸ ਅੰਮ੍ਰਿਤਮਈ ਵਿਵਸਥਾ ਵਿੱਚ ਲੀਨ ਹੋ ਕੇ ਅਜ਼ਲੀ-ਆਵੇਸ਼ ਦੀ ਬਾਣੀ ਰਚਨਾ (ਕਰਦੇ) ਹਨ। "[11]

ਸਰਬਲੋਹ ਗ੍ਰੰਥ ਬਾਬਤ ਸਿੱਖਾਂ ਵਿੱਚ ਕੁਝ ਮਤਭੇਦ ਹਨ, ਕੁਝ ਇਸਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਮੰਨਦੇ ਹਨ ਤੇ ਕੁਝ ਨਹੀਂ। ਸਵਾਮੀ ਹਰਿਨਾਮ ਦਾਸ ਨੇ ਇਸਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਮੰਨਿਆ ਅਤੇ ਇਸਦੀ ਸੰਪਾਦਨਾ ਦਾ ਵੱਡਾ 'ਕਾਰਜ' ਵੀ ਕੀਤਾ। ਉਸ ਸਮੇਂ ਬੁੱਢਾ ਦਲ ਦੇ ਨਵੇਂ ਬਣੇ ਮੁਖੀ ਬਾਬਾ ਸੰਤਾ ਸਿੰਘ, ਜੋ ਸਵਾਮੀ ਜੀ ਦੇ ਪੁਰਾਣੇ ਦੋਸਤ ਸਨ। ਉਹਨਾਂ ਨੇ ਬੁੱਢਾ ਦਲ ਵੱਲੋਂ ਛਪਵਾਇਆ ਅਤੇ ਸਵਾਮੀ ਹਰਿਨਾਮ ਦਾਸ ਦੇ ਪਰਿਵਾਰ ਦੀ ਆਰਥਿਕ ਮਦਦ ਵੀ ਕੀਤੀ।

### ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ

ਸਵਾਮੀ ਹਰਿਨਾਮ ਦਾਸ ਉਦਾਸੀ ਨੇ ਸੱਠਵਿਆਂ ਦੇ ਅਖੀਰ ਤੱਕ 'ਆਦਿ ਸ੍ਰੀ ਗੁਰੂ ਗ੍ਰੰਥ ਸਟੀਕ' ਸੰਪੂਰਨ ਕਰ ਲਿਆ ਸੀ। ਇਹ ਟੀਕਾ ਅਜੇ ਤੱਕ ਅਪ੍ਰਕਾਸ਼ਿਤ ਹੈ। ਇਸ ਟੀਕੇ ਨੂੰ ਸਵਾਮੀ ਹਰਿਨਾਮ ਦਾਸ ਉਦਾਸੀ ਨੇ ਉਸ ਸਮੇਂ ਦੇ ਨਾਮਧਾਰੀ ਸੰਪ੍ਰਦਾਇ ਦੇ ਮੁਖੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦੇ ਦਿੱਤਾ ਕਿ ਤੁਸੀਂ ਛਪਵਾ ਦਿਓ। ਇਸ ਟੀਕੇ ਦਾ ਹੱਥ-ਲਿਖਤ ਖਰੜਾ ਹੁਣ ਸ੍ਰੀ ਭੈਣੀ ਸਾਹਿਬ, ਸਤਿਗੁਰੂ ਜਗਜੀਤ ਸਿੰਘ ਲਾਇਬ੍ਰੇਰੀ ਵਿੱਚ ਮਹਿਫੂਜ਼ ਹੈ।

ਭਾਵੇਂ ਸਵਾਮੀ ਹਰਿਨਾਮ ਦਾਸ ਉਦਾਸੀ ਤੋਂ ਪਹਿਲਾਂ ਵਿਭਿੰਨ ਵਿਦਵਾਨਾਂ ਅਤੇ ਸੰਸਥਾਵਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਵੱਖਰੇ-ਵੱਖਰੇ ਟੀਕੇ ਕੀਤੇ ਹਨ। ਬਾਕੀ ਟੀਕਾਕਾਰਾਂ ਨਾਲੋਂ ਇਸ ਟੀਕੇ ਦੀ ਵਿਭਿੰਨਤਾ ਇਹ ਹੈ ਕਿ ਭਾਵਾਰਥ, ਪਦ ਅਰਥ ਦੇ ਨਾਲ ਨਾਲ ਸਵਾਮੀ ਜੀ ਨੇ ਆਦਿ ਗ੍ਰੰਥ ਵਿਚਲੀ ਕਵਿਤਾ ਦੇ ਤੋਲ ਮਾਪ ਵੱਲ ਖ਼ਾਸਾ ਧਿਆਨ ਦਿੱਤਾ ਹੈ। ਜਪੁਜੀ ਸਾਹਿਬ ਦੀ 34ਵੀਂ ਪਉੜੀ ਬਾਰੇ ਸਵਾਮੀ ਜੀ ਲਿਖਦੇ ਹਨ-

ਰਾਤੀ ਰੁਤੀ ਥਿਤੀ ਵਾਰ॥ ...............॥
ਪਵਣ ਪਾਣੀ ਅਗਨੀ ਪਾਤਾਲ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥
ਕਰਮੀ ਕਰਮੀ ਹੋਇ ਵੀਚਾਰੁ॥
ਸਚਾ ਆਪਿ ਸਚਾ ਦਰਬਾਰੁ॥
ਤਿਥੈ ਸੋਹਨਿ ਪੰਚ ਪਰਵਾਣੁ॥
ਨਦਰੀ ਕਰਮਿ ਪਵੈ ਨੀਸਾਣੁ॥
ਕਚ ਪਕਾਈ ਓਥੈ ਪਾਇ॥
ਨਾਨਕ ਗਇਆ ਜਾਪੈ ਜਾਇ॥੩੪॥

ਪਉੜੀ ਨੰ.34 ਦੀ ਤੀਜੀ ਤੁਕ ਵਿੱਚ 20 ਮਾਤ੍ਰਾ ਹਨ, ਬਾਕੀ ਤੁਕਾਂ ਵਿਚ 15,16 ਮਾਤ੍ਰਾ ਦੀ ਹੀ ਗਿਣਤੀ ਹੈ। ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ (ਤਿਸੁ ਵਿਚਿ) ਪਾਠ ਲਿਖਾਰੀ ਤੋਂ ਅਗਲੀ ਤੁਕ ਵੱਲ ਨਿਗ੍ਹਾ ਦੇ ਭੁਲੇਖੇ ਵਿਚ ਨਕਲ ਹੋ ਗਿਆ ਸੀ। ਜੋ ਉਸਨੂੰ ਕੱਟਣਾ (ਹੜਤਾਲ ਨਾਲ) ਯਾਦ ਨਹੀਂ ਰਿਹਾ ਤੇ ਇਸ ਹੀ ਨਿਗ੍ਹਾ ਦੇ ਚੱਕ੍ਰ ਵਿੱਚ ਇਸਦੇ ਨਾਲ ਹੀ ਭੁੱਲ ਨਾਲ ਛੱਡ ਗਿਆ ਹੈ। ਪੰਜਵੀਂ ਤੇ ਛੇਵੀਂ ਤੁਕ ਦੇ 'ਰੰਗ' ਤੇ 'ਅਨੰਤ' ਸ਼ਬਦਾਂ ਨਾਲ ਚੌਪਈ ਦਾ ਅੰਤਯਾਨੁਪ੍ਰਾਸ ਨਹੀਂ ਬਣਦਾ। "[12]

ਸਵਾਮੀ ਹਰਿਨਾਮ ਦਾਸ ਉਦਾਸੀ ਹਰੇਕ ਸ਼ਬਦ ਵਿੱਚ ਮਾਤਰਾਵਾਂ ਘੱਟ ਵੱਧ ਹੋਣ, ਅੰਤਯਾਨੁਪ੍ਰਾਸ ਸਮ ਨਾ ਹੋਣ ਆਦਿ ਦਾ ਜ਼ਿਕਰ ਭਾਵਾਰਥ ਕਰਨ ਤੋਂ ਬਾਅਦ ਕਰਦਾ ਹੈ। ਇਹਨਾਂ ਗ਼ਲਤੀਆਂ ਦਾ ਕਾਰਨ ਉਹਨਾਂ ਲਿਖਾਰੀਆਂ ਨੂੰ ਠਹਿਰਾਉਂਦਾ ਹੈ, ਜੋ ਬੀੜ ਦਾ ਉਤਾਰਾ ਕਰਨ ਸਮੇਂ ਗ਼ਲਤੀਆਂ ਕਰਦੇ ਰਹੇ ਅਤੇ ਇਸੇ ਤਰ੍ਹਾਂ ਬਹੁਤ ਸਾਰੇ ਗੁਰਬਾਣੀ-ਪਾਠ ਵਿਗੜ ਗਏ।

### ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ

ਸਵਾਮੀ ਹਰਿਨਾਮ ਦਾਸ ਉਦਾਸੀ ਨੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ ਦੀ ਸ਼ੁਰੂਆਤ 1971 ਈ: ਵਿੱਚ ਕੀਤੀ ਅਤੇ 7-8 ਸਾਲ ਦੀ ਕਰੜੀ ਮਿਹਨਤ ਤੋਂ ਬਾਅਦ ਇਹ ਟੀਕਾ ਸੰਪੂਰਨ ਕੀਤਾ। ਸਵਾਮੀ ਜੀ ਤੋਂ ਪਹਿਲਾਂ

ਗਿਆਨੀ ਬਿਸ਼ਨ ਸਿੰਘ ਲੱਖੂਵਾਲ ਅਤੇ ਗਿਆਨੀ ਨਰੈਣ ਸਿੰਘ ਮੁਜੰਗਾਂ ਵਾਲਿਆਂ ਨੇ ਸੰਪੂਰਨ ਦਸਮ ਗ੍ਰੰਥ ਸਾਹਿਬ ਦੇ ਟੀਕੇ ਕਰ ਦਿੱਤੇ ਸਨ। ਸਵਾਮੀ ਜੀ ਦਸਮ ਗ੍ਰੰਥ ਦੀ ਟੀਕਾਕਾਰੀ ਦੀ ਇਸ ਪਰੰਪਰਾ ਵਿੱਚ ਆਪਣਾ ਵੀ ਯੋਗਦਾਨ ਪਾ ਕੇ ਗਿਣਾਤਮਕ ਵਾਧਾ ਕਰਦੇ ਹਨ। ਸਵਾਮੀ ਹਰਿਨਾਮ ਦਾਸ ਦਾ ਇਹ ਟੀਕਾ ਵੀ ਸਤਿਗੁਰੂ ਜਗਜੀਤ ਸਿੰਘ ਲਾਇਬ੍ਰੇਰੀ, ਸ੍ਰੀ ਭੈਣੀ ਸਾਹਿਬ ਵਿਖੇ ਸੁਰੱਖਿਅਤ ਪਿਆ ਹੈ, ਪਰ ਇਹ ਵੀ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਟੀਕੇ ਵਾਂਗ ਅਪ੍ਰਕਾਸ਼ਿਤ ਹੈ।

ਦਸਮ ਗ੍ਰੰਥ ਦਾ ਟੀਕਾ ਕਰਦਿਆਂ ਸਵਾਮੀ ਜੀ ਜਦੋਂ ਬਚਿਤ੍ਰ ਨਾਟਕ ਸ਼ੁਰੂ ਕਰਦੇ ਹਨ ਤੇ ਫਿਰ ਪਹਿਲੇ ਦੋਹਰੇ ਦੇ ਅਰਥ ਕਰਨ ਤੋਂ ਬਾਅਦ ਇਕ ਨੋਟ ਲਿਖਦੇ ਹਨ-

"ਦੋਹਰਾ:
ਨਮਸਕਾਰ ਸ੍ਰੀ ਖੜਗ ਕਉ ਕਰੋਂ ਸੁ ਹਿਤ ਚਿਤ ਲਾਇ॥
ਪੂਰਨ ਕਰੋਂ ਗ੍ਰੰਥ ਇਹ ਤੁਮ ਮੋਹ ਕਰੋ ਸਹਾਇ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨੂੰ ਬਚਿਤ੍ਰ ਨਾਟਕ ਤੋਂ ਲੈ ਕੇ ਤ੍ਰਿਯਾ ਚਰਿਤ੍ਰਾਂ ਦੇ ਅੰਤ ਤੱਕ ਪੜ੍ਹਿਆਂ ਤੇ ਵਿਚਾਰਿਆਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਜੀ ਕਿਸੇ ਜੜ੍ਹ ਵਸਤੂ ਤਲਵਾਰ, ਸ਼ਸ਼ਤ੍ਰ, ਗ੍ਰੰਥ, ਮੜ੍ਹੀ, ਕਬਰ, ਮੂਰਤੀ, ਪੱਥਰ, ਨਦੀ, ਤੀਰਥ ਆਦਿ ਦੇ ਉਪਾਸ਼ਕ ਨਹੀਂ ਸਨ। ਬਲਕਿ ਆਪ ਕਾਲ ਦੇ ਹੀ ਉਪਾਸ਼ਕ ਸਨ। ਸ਼ਸ਼ਤ੍ਰਾਂ ਵਿੱਚ ਵੀ ਕਾਲ ਦੀ ਹੀ ਸ਼ਕਤੀ ਨੂੰ ਸਵੀਕਾਰ ਕਰਕੇ ਮੰਨਦੇ, ਦੁਰਗਾ ਵਿੱਚ ਵੀ ਕਾਲ ਦੀ ਹੀ ਸ਼ਕਤੀ ਨੂੰ ਸਵੀਕਾਰਦੇ ਹਨ। ਰਾਮ ਚੰਦਰ, ਸ਼੍ਰੀ ਕ੍ਰਿਸ਼ਨ ਜੀ ਅਦਿਕ ਅਵਤਾਰਾਂ ਵਿੱਚੋਂ ਵੀ ਕਾਲ ਦੇ ਚਮਤਕਾਰਾਂ ਨੂੰ ਹੀ ਮੰਨਦੇ ਹਨ।

ਯਥਾ:- ਆਗਯਾ ਕਾਲ ਜਗਤ ਪ੍ਰਵੇਸ।

ਪਹਿਲੇ ਅਧਿਆਇ ਵਿੱਚ ਕਾਲ ਦਾ ਹੀ ਮੰਗਲ (ਉਸਤਤੀ ਕੀਤਾ) ਅਤੇ ਚੌਦਵੇਂ ਅਧਿਆਇ ਵਿੱਚ ਵੀ ਕਾਲ ਦਾ ਹੀ ਮੰਗਲ ਕੀਤਾ ਹੈ। ਅੰਞਾਣ ਬੰਦੇ ਗੁਰੂ ਜੀ ਨੂੰ ਸ਼ਸ਼ਤ੍ਰ ਉਪਾਸ਼ਿਕ, ਗ੍ਰੰਥ ਉਪਾਸ਼ਿਕ, ਖਾਲਸਾ ਉਪਾਸ਼ਿਕ ਆਦਿ ਕਈ ਤਰ੍ਹਾਂ ਦੇ ਭ੍ਰਮ ਪੈਦਾ ਕਰਨ ਵਾਲੇ ਲਿਖ ਬੈਠੇ ਹਨ, ਉਹ ਗੁਰਬਾਣੀ ਦੇ ਪੂਰੇ ਵਾਕਿਫ ਨਹੀਂ।"[13] ਇਸ ਤਰ੍ਹਾਂ ਦੀਆਂ ਟਿੱਪਣੀਆਂ ਸਵਾਮੀ ਹਰਿਨਾਮ ਦਾਸ ਉਦਾਸੀ ਨੇ ਆਪਣੇ ਟੀਕੇ ਵਿੱਚ ਲੋੜ ਅਨੁਸਾਰ ਕੀਤੀਆਂ ਹਨ।

ਸਵਾਮੀ ਹਰਿਨਾਮ ਦਾਸ ਦੀ ਟੀਕਾਕਾਰੀ ਦਾ ਸਫ਼ਰ ਪੁਰਾਤਨ ਬੀੜਾਂ ਦੀ ਖੋਜ ਤੋਂ ਸ਼ੁਰੂ ਹੋਇਆ। ਫਿਰ ਇਹ ਸਫ਼ਰ ਕੇਵਲ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੱਕ ਹੀ ਸੀਮਿਤ ਨਾ ਰਹਿ ਕੇ ਸਗੋਂ ਦਸਮ ਗ੍ਰੰਥ ਦੇ ਸੰਪੂਰਨ ਟੀਕੇ ਤੱਕ ਫੈਲਿਆ ਹੈ। ਸਵਾਮੀ ਜੀ ਨੇ ਸਮੇਂ ਸਮੇਂ 'ਤੇ ਅਰਥ ਕਰਦਿਆਂ ਆਪਣੇ ਵਿਚਾਰ ਵੀ ਗੁਰਬਾਣੀ ਦੇ ਮੂਲ ਪਾਠ ਸੰਬੰਧੀ ਦਿੱਤੇ ਹਨ। ਜਿਨ੍ਹਾਂ ਵਿਚ ਉਹਨਾਂ ਨੇ ਪਦ-ਵੰਡ, ਪਾਠ-ਭੇਦਾਂ, ਲਿਖਾਰੀਆਂ ਦੀਆਂ ਗ਼ਲਤੀਆਂ ਆਦਿ ਦਾ ਜ਼ਿਕਰ ਕੀਤਾ ਹੈ।

### ਹਵਾਲੇ ਅਤੇ ਟਿੱਪਣੀਆਂ


1. ਹਰਿਨਾਮ ਦਾਸ ਉਦਾਸੀ, ਪੁਰਾਤਨ ਬੀੜਾਂ ਤੇ ਵਿਚਾਰ, ਪੰਨਾ 2.
2. ਉਹੀ, ਪੰਨਾ 164.
3. ਉਹੀ, ਪੰਨਾ 166.
4. ਉਹੀ, ਪੰਨਾ 3.
5. ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਛੇਵੀਂ, ਪੰਨਾ 2086.
6. ਹਰਿਨਾਮ ਦਾਸ ਉਦਾਸੀ, ਪੁਰਾਤਨ ਬੀੜਾਂ ਤੇ ਵਿਚਾਰ, ਪੰਨਾ 88.
7. ਉਹੀ, ਵਿਨਯ ਪਤ੍ਰਿਕਾ, ਪੰਨਾ 1.
8. ਉਹੀ, ਪੰਨਾ 2.
9. ਉਹੀ, ਪੰਨਾ 48.
10. ਉਹੀ, ਪੁਰਾਤਨ ਬੀੜਾਂ ਤੇ ਵਿਚਾਰ, ਪੰਨਾ 1.
11. ਉਹੀ, ਸਰਬਲੋਹ ਗ੍ਰੰਥ (ਭੂਮਿਕਾ),ਪੰਨਾ ਅ.
12. ਉਹੀ, ਸ੍ਰੀ ਜਪੁ ਜੀ ਸਟੀਕ, ਪੰਨਾ 114,115.
13. ਉਹੀ, ਸ੍ਰੀ ਦਸਮ ਗ੍ਰੰਥ ਸਾਹਿਬ ਸਟੀਕ (ਖਰੜਾ),ਪੰਨਾ 149.


......................................................

**ਸਤਿਜੁਗ ਆਪ ਪੜ੍ਹੋ ਤੇ ਹੋਰਾਂ ਨੂੰ ਪੜ੍ਹਾਓ।**

# ਪੰਜਾਬੀ ਭਾਸ਼ਾ ਦਾ ਸੰਕਟ ਅਤੇ ਸਮਾਧਾਨ

**– ਡਾ. ਹਰਪ੍ਰੀਤ ਸਿੰਘ**

ਪੰਜਾਬੀ ਜ਼ੁਬਾਨ ਨੂੰ ਦਰਪੇਸ਼ ਸੰਕਟ ਕੋਈ ਇਕਹਿਰਾ ਜਾਂ ਖੇਤਰੀ ਸੰਕਟ ਨਹੀਂ ਹੈ, ਸਗੋਂ ਇਹ ਪੂੰਜੀ ਦੇ ਦੌਰ ਵਿੱਚ ਮੰਡੀ ਵਿਵਸਥਾ ਹੱਥੋਂ ਉੱਜੜ ਰਹੀ ਸਥਾਨਿਕਤਾ, ਸੱਭਿਆਚਾਰ, ਭਾਸ਼ਾ ਅਤੇ ਅਸਤਿੱਤਵ ਨਾਲ ਜੁੜਿਆ ਮਸਲਾ ਅਤੇ ਸੰਕਟ ਵੀ ਹੈ। ਯੂ. ਐਨ. ਓ. ਵਰਗੀਆਂ ਸੰਸਥਾਵਾਂ ਭਾਸ਼ਾਵਾਂ ਦੇ ਖ਼ਤਮ ਹੋਣ ਦਾ ਆਧਾਰ ਬੋਲਚਾਲ ਨੂੰ ਬਣਾ ਕੇ ਦੱਸਦੀਆਂ ਹਨ। ਜਦ ਕਿ ਸਮੁੱਚੇ ਪ੍ਰਬੰਧ ਅਤੇ ਲਿਖਤ-ਸੰਸਾਰ ਨਾਲ ਵੀ ਭਾਸ਼ਾ ਦਾ ਸੰਬੰਧ ਹੁੰਦਾ ਹੈ। ਬੋਲਚਾਲ ਤੱਕ ਸੁੰਗੜੀ ਭਾਸ਼ਾ ਸਾਹਮਣੇ ਤਾਂ ਹਮੇਸ਼ਾਂ ਸੰਕਟ ਰਹੇਗਾ ਹੀ। ਇਸ ਕਰਕੇ ਸਵਾਲ ਸਿਰਫ਼ ਭਾਸ਼ਾ ਨੂੰ ਬੋਲਣ ਦਾ ਨਹੀਂ ਰਿਹਾ, ਸਗੋਂ ਆਪਣੀ ਮਾਤ ਭਾਸ਼ਾ ਨੂੰ ਤਕਨੀਕ, ਵਿਗਿਆਨ, ਗਿਆਨ, ਸੂਚਨਾ, ਸੰਚਾਰ-ਮਾਧਿਆਮਾਂ, ਆਰਥਿਕਤਾ, ਰਾਜਨੀਤੀ, ਸੱਤਾ, ਰੁਜ਼ਗਾਰ, ਸਿੱਖਿਆ, ਵਪਾਰ ਨਾਲ ਵਰ ਮੇਚਣ ਦੀ ਵੀ ਲੋੜ ਹੈ। ਇਸ ਕਰਕੇ ਪੰਜਾਬੀ ਜ਼ੁਬਾਨ ਨੂੰ ਸਰਬਪੱਖੀ ਵਿਕਾਸ ਲਈ ਗਿਆਨ ਦੇ ਖੇਤਰਾਂ ਤੋਂ ਲੈ ਕੇ ਰਾਜਸੀ-ਆਰਥਿਕ ਪ੍ਰਬੰਧਾਂ ਦੇ ਇਲਮੀ ਅਤੇ ਅਮਲੀ ਸਰੂਪ ਦੀ ਵਾਹਕ ਬਣਨ ਦੀ ਲੋੜ ਹੈ, ਤਾਂ ਜੋ ਪੰਜਾਬੀ ਬਸ਼ਿੰਦਾ ਖੇਤਰੀ ਅਤੇ ਕੌਮਾਂਤਰੀ-ਪੱਧਰ ਦੇ ਖ਼ਿਆਲਾਂ ਨੂੰ ਆਪਣੀ ਚੇਤਨਾ ਦੇ ਵਿਕਾਸ ਲਈ ਢਾਲ ਸਕੇ। ਵੈਸੇ ਵੀ ਭਾਸ਼ਾ ਦਾ ਇੱਕ ਭਾਵੁਕ ਜਗਤ ਹੁੰਦਾ ਹੈ, ਜਿਸ ਅੰਦਰ ਉਸ ਜ਼ੁਬਾਨ ਦਾ ਹਰ ਬਸ਼ਿੰਦਾ ਸੋਚਦਾ, ਸੁਪਨਸਾਜ਼ ਬਣਦਾ, ਸਿਰਜਣਾਤਮਕ ਹੁੰਦਾ, ਆਪਣੀ ਹੋਂਦ, ਪਛਾਣ ਅਤੇ ਅਸਤਿਤਵ ਲਈ ਜੂਝਦਾ, ਚਿੰਤਨ ਲਈ ਤਤਪਰ ਰਹਿੰਦਾ ਅਤੇ ਸਵੈ ਵਿਕਾਸ ਲਈ ਵਧੇਰੇ ਜ਼ਰਖੇਜ਼ ਰੂਪ ਵਿੱਚ ਵਿਚਰਦਾ ਹੈ। ਇਸ ਕਰਕੇ ਭਾਸ਼ਾ ਨੂੰ ਵਿਆਕਰਣਿਕ ਇਕਾਈਆਂ ਜਾਂ ਪ੍ਰਵਰਗਾਂ ਤੱਕ ਸੀਮਿਤ ਨਹੀਂ ਕਰ ਸਕਦੇ। ਨਾ ਹੀ ਭਾਸ਼ਾ ਨੂੰ ਸਮਾਜਿਕ ਵਿਕਾਸ ਦੀ ਇਤਿਹਾਸਕ ਪ੍ਰਕਿਰਿਆ ਤੋਂ ਵੱਖ ਕਰਕੇ ਜੜ੍ਹ ਵਸਤੂ ਮੰਨਿਆ ਜਾ ਸਕਦਾ ਹੈ।

ਪੰਜਾਬ ਦੀ ਸਥਾਨਕਤਾ ਸਾਹਮਣੇ ਜੋ ਮਸਲੇ ਹਨ, ਉਹ ਭਾਸ਼ਾ ਸਾਹਮਣੇ ਵੀ ਹਨ। ਅਜੋਕਾ ਸਮਾਂ ਗਲੋਬਲੀ ਆਰਥਿਕਤਾ, ਵਿਸ਼ਵੀਕਰਨ, ਮੰਡੀ ਪ੍ਰਵਚਨ ਦਾ ਹੈ। ਖਪਤ ਸਭਿਆਚਾਰ, ਕਾਰਪੋਰੇਟ ਸੈਕਟਰ ਦਾ ਬੇਤਹਾਸ਼ਾ ਵਿਕਾਸ ਅਤੇ ਬੇਲਗ਼ਾਮ ਪਰਵਾਸ ਨੇ ਪੰਜਾਬੀ ਭਾਸ਼ਾ ਹੀ ਨਹੀਂ, ਪੰਜਾਬੀ ਸਥਾਨਕਤਾ ਨੂੰ ਵੀ ਝੰਜੋੜ ਕੇ ਰੱਖ ਦਿੱਤਾ ਹੈ। ਪੰਜਾਬ ਦੀਆਂ ਵਿੱਦਿਆਕ ਸੰਸਥਾਵਾਂ ਦਾ ਸਰੂਪ ਕਾਰਪੋਰੇਟ ਵਾਲਾ ਹੈ। ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ, ਕਾਰਪੋਰੇਟ ਐਜੂਕੇਸ਼ਨ ਨੂੰ ਗਲੋਬਲ ਬਣਾ ਕੇ Education Industry ਪੈਦਾ ਕਰ ਚੁੱਕੇ ਹਨ। ਇਸ ਇੰਡਸਟਰੀ ਵਿੱਚ ਮਾਤ ਭਾਸ਼ਾ ਬੇਗ਼ਾਨੀ ਹੈ। ਉਂਜ ਪੂਰੇ ਪੰਜਾਬ ਵਿੱਚੋਂ ਹੀ ਪੰਜਾਬੀ ਜ਼ੁਬਾਨ ਬੇਗਾਨਗੀ ਦਾ ਸੰਤਾਪ ਹੰਢਾ ਰਹੀ ਹੈ। ਸ਼ਹਿਰਾਂ ਦੇ ਪ੍ਰਾਈਵੇਟ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਵਪਾਰਕ ਅਦਾਰੇ ਬਣ ਗਏ ਹਨ, ਜਿਨ੍ਹਾਂ ਵਿੱਚ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦੋਵੇਂ ਬੇਗਾਨੇ ਹਨ, ਪਰ ਇਨ੍ਹਾਂ ਵਿੱਚ ਪੜ੍ਹਨ ਵਾਲੀ (ਏਲੀਟ/ਅਮੀਰ) ਜਮਾਤ ਦੇ ਫ਼ਿਕਰਾਂ ਵਿੱਚ ਇਹ ਮਸਲਾ ਸ਼ੁਮਾਰ ਹੀ ਨਹੀਂ ਹੋ ਰਿਹਾ।

ਜਦ ਕਿ ਇੱਕ ਪਾਸੇ ਉਹ ਜਮਾਤ ਹੈ, ਜੋ ਸਾਧਨਹੀਣ ਵੀ ਹੈ ਤੇ ਹਾਸ਼ੀਆਗਤ ਵੀ, ਉਸ ਜਮਾਤ ਨੇ ਪੇਂਡੂ ਸਕੂਲਾਂ, ਸਰਕਾਰੀ ਸਕੂਲਾਂ ਵਿੱਚ ਪੰਜਾਬੀ ਮਾਤ ਭਾਸ਼ਾ ਨੂੰ ਅਪਣਾਇਆ ਹੋਇਆ ਹੈ। ਪੰਜਾਬੀ ਮਾਧਿਅਮ ਵਿੱਚ ਪੜ੍ਹ ਰਹੇ ਇਹ ਬੱਚੇ 'ਬ੍ਰੈਂਡਿਡ ਕਾਰਪੋਰੇਟੀ' ਵਿੱਦਿਆ ਤੋਂ ਅਨਜਾਣ ਪਿੰਡਾਂ ਦੇ ਸਕੂਲਾਂ ਵਿੱਚ ਜੂਝ ਰਹੇ ਹਨ। ਦਲਿਤ ਤੇ ਸਾਧਨ ਵਹੂਣੀਆਂ ਧਿਰਾਂ (ਬੇਜ਼ਮੀਨੇ ਕਿਸਾਨ, ਮਜ਼ਦੂਰ, ਪਰਵਾਸੀ ਮਜ਼ਦੂਰ ਅਤੇ ਅਣਗੌਲੇ ਤਬਕੇ) ਪਹਿਲਾਂ ਹੀ ਪੰਜਾਬ ਦੀ ਆਰਥਿਕਤਾ ਤੇ ਸਮਾਜਿਕਤਾ 'ਚੋਂ ਬਾਹਰ ਹੋ ਚੁੱਕੀਆਂ ਹਨ। ਹੁਣ ਵਿਸ਼ਵੀਕਰਨ ਨੇ 'ਅੰਗਰੇਜ਼ੀ ਵਿੱਦਿਆ' ਦੀ ਯੋਗਤਾ ਦੇ ਮਾਧਿਅਮ ਨਾਲ ਉਹਨਾਂ ਨੂੰ ਹੋਰ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ।

ਇੱਕ ਸਰਵੇ ਮੁਤਾਬਕ "ਪਿੰਡਾਂ ਦੇ ਸਰਕਾਰੀ ਸਕੂਲਾਂ 'ਚ ਦਾਖਲ ਹੋਣ ਵਾਲੇ ਦਸ ਵਿਦਿਆਰਥੀਆਂ ਚੋਂ ਕੇਵਲ 0.42 ਵਿਦਿਆਰਥੀ ਹੀ ਕਾਲਜ ਤੱਕ ਪਹੁੰਚ ਪਾਉਂਦੇ ਹਨ, ਜਦੋਂ ਕਿ ਸ਼ਹਿਰਾਂ ਦੇ ਬਰੈਂਡਿਡ ਅੰਗਰੇਜ਼ੀ ਸਕੂਲਾਂ 'ਚ ਦਾਖਲ ਹੋਣ ਵਾਲੇ ਦਸ ਵਿਦਿਆਰਥੀਆਂ ਚੋਂ 9.58 ਵਿਦਿਆਰਥੀ ਕਾਲਜਾਂ 'ਚ ਸਹਿਜੇ ਹੀ ਪਹੁੰਚ ਜਾਂਦੇ ਹਨ। ਇਹ ਵੀ ਅੰਤਰ ਦੇਖਿਆ ਗਿਆ ਕਿ ਪਿੰਡਾਂ ਦੀ 66 ਪ੍ਰਤੀਸ਼ਤ ਅਬਾਦੀ 'ਚੋਂ ਕਾਲਜਾਂ 'ਚ ਪਹੁੰਚਣ ਵਾਲੇ 4.2 ਪ੍ਰਤੀਸ਼ਤ ਵਿਦਿਆਰਥੀ ਆਰਟ ਕਾਲਜਾਂ 'ਚ ਹੀ ਦਾਖਲਾ ਲੈਂਦੇ ਹਨ, ਜਦੋਂ ਕਿ ਸ਼ਹਿਰਾਂ ਦੀ 34 ਪ੍ਰਤੀਸ਼ਤ ਅਬਾਦੀ 'ਚੋਂ

ਕਾਲਜਾਂ 'ਚ ਪਹੁੰਚਣ ਵਾਲੇ 95 ਪ੍ਰਤੀਸ਼ਤ ਵਿਦਿਆਰਥੀ ਜਿਆਦਾਤਰ ਪ੍ਰੋਫੈਸ਼ਨਲ ਕਾਲਜਾਂ 'ਚ ਦਾਖਲਾ ਲੈਂਦੇ ਹਨ।" (ਅਮਰਜੀਤ ਗਰੇਵਾਲ, ਪੰਜਾਬ ਦਾ ਅਸਾਵਾਂ ਵਿਕਾਸ ਅਤੇ ਪੰਜਾਬੀ ਭਾਸ਼ਾ, ਪੰਜਾਬੀ ਭਾਸ਼ਾ ਵਰਤਮਾਨ ਅਤੇ ਭਵਿੱਖ, ਸੰਪਾ. ਡਾ. ਸਰਬਜੀਤ ਸਿੰਘ, ਪੰਨਾ 89)।

ਇਸ ਤਰ੍ਹਾਂ ਹਾਸ਼ੀਆਗਤ ਸਮਾਜ, ਜਿਸਦਾ ਸਿੱਧਾ ਸੰਬੰਧ ਪੰਜਾਬੀ ਮਾਤ ਭਾਸ਼ਾ ਨਾਲ ਹੈ, ਉਸਦੀ ਵਿੱਦਿਆ ਵਿੱਚ ਹੀ ਨਹੀਂ ਪੰਜਾਬ ਦੀਆਂ ਸਰਕਾਰੀ ਨੀਤੀਆਂ ਭਾਸ਼ਾ ਸੰਬੰਧੀ ਨੀਤੀਆਂ ਵਿੱਚ ਕੋਈ ਸਪੇਸ ਹੀ ਨਹੀਂ ਬਚਦੀ। ਇਸ ਕਰਕੇ ਇਹ ਧਿਰ ਹੀ ਬੇਗਾਨਗੀ ਦੀ ਸ਼ਿਕਾਰ ਨਹੀਂ, ਸਗੋਂ ਮਾਤ ਭਾਸ਼ਾ ਵੀ ਨਾਲ-ਨਾਲ ਬੇਗਾਨੀ ਹੋ ਰਹੀ ਹੈ। ਇਸ ਕਰਕੇ ਪੰਜਾਬੀ ਮਾਤ ਭਾਸ਼ਾ ਦਾ ਮਸਲਾ ਜਮਾਤੀ ਸਵਾਲ ਵੀ ਬਣਦਾ ਹੈ। ਜਿਸ ਜਰੀਏ ਅਸੀਂ ਪੇਂਡੂ ਸਮਾਜ ਵਿੱਚ ਨਿਮਨ ਕਿਸਾਨੀ, ਦਲਿਤ ਵਰਗ ਦੀ ਸਥਿਤੀ ਨੂੰ ਸਾਧਨ ਸੰਪੰਨ ਧਨਾਢ ਕਿਸਾਨੀ ਦੇ ਪ੍ਰਸੰਗ ਵਿੱਚ ਵੀ ਦੇਖ ਸਕਦੇ ਹਾਂ। ਪਿੰਡ ਦੀ ਆਰਥਿਕਤਾ ਵਿਚਲਾ ਇਹ ਪਾੜਾ ਰਾਜਨੀਤਕ ਨੀਤੀਆਂ ਤੋਂ ਲੈ ਕੇ ਭਾਸ਼ਾ ਸੰਬੰਧੀ ਘੜੀਆਂ ਜਾਣ ਵਾਲੀਆਂ ਨੀਤੀਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ, ਕਿਉਂਕਿ ਉੱਥੇ ਪ੍ਰਤੀਨਿਧਤਾ ਸਾਧਨ ਵਿਹੂਣਿਆਂ ਦੀ ਹੈ ਹੀ ਨਹੀਂ। ਉਹਨਾਂ ਦੀ ਪ੍ਰਤੀਨਿਧਤਾ ਹੀ ਨਹੀਂ ਹੈ ਜੋ ਪੰਜਾਬੀ ਬੋਲ, ਪੜ੍ਹ, ਲਿਖ ਰਹੇ ਹਨ ਅਤੇ ਉਹਨਾਂ ਦੀ ਹੈ ਜੋ ਕੋਨਵੈਂਟ, ਅੰਗਰੇਜ਼ੀ ਮਾਧਿਅਮ ਦੇ ਗਲੋਬਲੀ ਸਕੂਲਾਂ/ਕਾਲਜਾਂ 'ਚ ਇੱਕ ਪੀੜ੍ਹੀ ਗਿਰਵੀ ਰੱਖ ਚੁੱਕੇ ਹਨ। ਸੰਕਟ ਤਾਂ ਗੰਭੀਰਤਾ ਨਾਲ ਪੰਜਾਬੀ ਜ਼ੁਬਾਨ ਦੇ ਸਿਰ 'ਤੇ ਮੰਡਰਾ ਹੀ ਰਿਹਾ ਹੈ।

'ਪੰਜਾਬੀ' ਸਟੇਟ ਦੀ ਭਾਸ਼ਾ ਦਾ ਕਦੇ ਰੁਤਬਾ ਪ੍ਰਾਪਤ ਨਹੀਂ ਕਰ ਸਕੀ। ਕਾਰਨ ਕੁਝ ਵੀ ਰਹੇ ਹੋਣ ਇਤਿਹਾਸ ਵਿੱਚ। ਪਰ ਵਰਤਮਾਨ ਵਿੱਚ ਵੀ 'ਪੰਜਾਬੀ' ਸਟੇਟ ਦੀ ਭਾਸ਼ਾ ਨਹੀਂ ਹੈ। ਸਗੋਂ ਗੰਭੀਰਤਾ ਨਾਲ ਨਿਗੂਣੀ ਹੁੰਦੀ ਜਾ ਰਹੀ ਹੈ। ਪੰਜਾਬ ਦੀ ਸ਼ਹਿਰੀ ਮਿਡਲ ਕਲਾਸ ਤਾਂ ਪਹਿਲਾਂ ਹੀ ਕਿਨਾਰਾ ਕਰ ਚੁੱਕੀ ਹੈ, ਹੁਣ ਮਿਕਸ ਮਸਾਲਾ ਪੋਪ ਗਾਇਕੀ ਦੇ ਵੱਧਦੇ ਰੁਝਾਨ ਨੇ ਨੌਜਵਾਨਾਂ ਨੂੰ ਖ਼ਪਤਮਈ ਭਾਸ਼ਾ ਤੇ ਸੱਭਿਆਚਾਰ ਨਾਲ ਜੋੜ ਕੇ ਸਿਰਜਨਾਤਮਕ ਭਾਸ਼ਾਈ ਅਮਲ 'ਚੋਂ ਖਾਰਜ ਕਰ ਦਿੱਤਾ ਹੈ। ਕਲਾਕਾਰ ਇਸ ਨਿਵਾਣ ਨੂੰ ਮਾਂ ਬੋਲੀ ਦੀ ਸੇਵਾ ਦੱਸੀ ਜਾ ਰਹੇ ਹਨ। ਮੀਡੀਆ ਦੀ ਭਾਸ਼ਾ, ਸਰਕਾਰੀ ਇਸ਼ਤਿਹਾਰਾਂ ਅਤੇ ਆਮ ਸਾਈਨ ਬੋਰਡਾਂ ਦੀ ਭਾਸ਼ਾ ਨੂੰ ਨੀਝ ਲਾ ਕੇ ਦੇਖਦਿਆਂ ਮਹਿਸੂਸ ਹੁੰਦਾ ਹੈ ਕਿ ਪੰਜਾਬੀਆਂ ਨੂੰ ਨਾ ਤਾਂ ਸ਼ਬਦ-ਜੋੜਾਂ ਦੀ ਸਮਝ ਰਹੀ ਹੈ ਤੇ ਨਾ ਵਿਆਕਰਨ ਦੀ। ਆਪਣੀ ਜ਼ੁਬਾਨ ਬਾਰੇ ਸੰਜੀਦਗੀ ਤੇ ਚੇਤਨਾ ਦਾ ਘਟਾਉਣਾ ਬੇਹੱਦ ਗੰਭੀਰ ਹੈ।

ਪੰਜਾਬੀ ਭਾਸ਼ਾ ਨੇ ਮੱਧ ਕਾਲ ਦੇ ਮਹਾਨ ਸਾਹਿਤ ਦੀ ਸਿਰਜਨਾ ਕੀਤੀ। ਆਧੁਨਿਕ ਸਾਹਿਤ ਵਿੱਚ ਨਵੇਂ ਪੂਰਨੇ ਪਾਏ। ਸਾਹਿਤ ਦੀ ਭਾਸ਼ਾ ਹੋਣ ਕਰਕੇ ਪੰਜਾਬੀ ਸਾਹਿਤਕ ਸਫ਼ਾਂ ਵਿੱਚ ਬਰਕਰਾਰ ਹੈ। ਪਰ ਪੰਜਾਬੀ ਭਾਸ਼ਾ ਦਾ ਰੁਜ਼ਗਾਰ ਦੀ ਭਾਸ਼ਾ ਨਾ ਬਣਨਾ ਬੇਹੱਦ ਗੰਭੀਰ ਸੰਕਟ ਹੈ। ਅੰਗਰੇਜ਼ੀ ਭਾਸ਼ਾ ਰੁਜ਼ਗਾਰ ਅਤੇ ਆਰਥਿਕਤਾ ਦੀ ਭਾਸ਼ਾ ਬਣੀ ਹੋਣ ਕਰਕੇ 8% ਬੋਲਣ ਵਾਲਿਆਂ ਦੀ ਭਾਸ਼ਾ ਹੋਣ ਦੇ ਬਾਵਜੂਦ ਪੂਰੇ ਸੰਸਾਰ ਵਿੱਚ ਸਮਝੀ ਜਾਂਦੀ ਹੈ। ਇਸ ਕਰਕੇ ਪੰਜਾਬੀ ਜ਼ੁਬਾਨ ਨੂੰ ਰੁਜ਼ਗਾਰ/ਨੌਕਰੀ/ਅਰਥ ਵਿਵਸਥਾ ਦੇ ਘੇਰੇ 'ਚ ਲੈ ਕੇ ਆਉਣਾ ਬੇਹੱਦ ਜ਼ਰੂਰੀ ਹੈ। ਸਰਕਾਰੀ ਨੀਤੀਆਂ ਕਾਗਜ਼ਾਂ ਤੱਕ ਸੀਮਿਤ ਹਨ। ਪੰਜਾਬੀ ਦੇ ਲਾਜ਼ਮੀ ਹੋਣ ਨਾਲ ਪੰਜਾਬੀਆਂ ਦੀ ਭਾਵਨਾ ਰੁਮਾਂਟਿਕ ਤੌਰ 'ਤੇ ਜਾਗ੍ਰਿਤ ਰਹਿੰਦੀ ਹੈ, ਪਰ ਇਸ ਨਾਲ ਵੀ ਸਰਵ ਵਿਆਪੀ ਭਾਸ਼ਾਈ-ਮਸਲੇ ਹੱਲ ਨਹੀਂ ਹੋਣ ਵਾਲੇ। ਰੁਜ਼ਗਾਰ ਦੀ ਖਿੱਚ ਹਰ ਮਨੁੱਖ ਨੂੰ ਹੁੰਦੀ ਹੈ। ਅਗਰ ਰੁਜ਼ਗਾਰ ਆਪਣੀ ਮਾਤ ਭਾਸ਼ਾ ਜ਼ਰੀਏ ਉਪਲੱਬਧ ਹੋਵੇ ਤਾਂ ਉਸਦੀ ਸੰਭਾਵਨਾ ਹਮੇਸ਼ਾਂ ਬਰਕਰਾਰ ਰਹੇਗੀ।

ਇਸਦੇ ਨਾਲ ਪੰਜਾਬੀ ਭਾਸ਼ਾ ਨੂੰ ਸਿੱਖਿਆ, ਗਿਆਨ, ਚਿੰਤਨ ਅਤੇ ਵਿਗਿਆਨ ਦੀ ਭਾਸ਼ਾ ਨਾਲ ਵੀ ਜੋੜਨਾ ਜ਼ਰੂਰੀ ਹੈ। ਜੇਕਰ ਅਸੀਂ ਦੁਨੀਆਂ ਦਾ ਗਿਆਨ, ਚਿੰਤਨ ਅਤੇ ਵਿਗਿਆਨ ਆਪਣੀ ਭਾਸ਼ਾ ਵਿੱਚ ਢਾਲ ਸਕੀਏ ਤਾਂ ਪੰਜਾਬੀ ਜ਼ੁਬਾਨ ਨੂੰ ਰੁਜ਼ਗਾਰ ਦੀ ਭਾਸ਼ਾ ਬਣਨ 'ਚ ਕੋਈ ਅੜਿੱਕਾ ਨਹੀਂ ਹੋਵੇਗਾ ਕਿਉਂਕਿ ਆਪਣੀ ਭਾਸ਼ਾ 'ਚ ਪੜ੍ਹਿਆ ਮਨੁੱਖ ਅਸਲੋਂ ਮੌਲਿਕ ਤੇ ਸਿਰਜਣਾਤਮਕ ਹੁੰਦਾ ਹੈ। ਪੰਜਾਬੀ ਮਨੁੱਖ ਦੀ ਨਵੀਂ ਸਿਰਜਨਾ ਵੀ ਲੋੜੀਂਦੀ ਹੈ, ਜੋ ਆਪਣੇ ਮਸਲੇ ਨੂੰ ਪਛਾਣੇ। ਜੋ ਆਪਣੀਆਂ ਲੋੜਾਂ, ਵਿਸ਼ੇਸ਼ਤਾਵਾਂ ਤੇ ਮੌਲਿਕਤਾ ਨੂੰ ਉਜਾਗਰ ਕਰ ਸਕੇ। ਜਿਸ ਅੰਦਰ ਆਪਣੀ ਪਛਾਣ, ਸੰਕਟ, ਸੰਘਰਸ਼ ਤੇ ਪ੍ਰਕ੍ਰਿਤੀ ਪ੍ਰਤੀ ਜਾਗ੍ਰਿਤੀ ਹੋਵੇ। ਇਸ ਜਰੀਏ ਪੰਜਾਬ, ਪੰਜਾਬੀ ਸਥਾਨਿਕਤਾ ਤੇ ਭਾਸ਼ਾ ਵਿਕਾਸਸ਼ੀਲ ਤੇ ਪ੍ਰਗਤੀਮਈ ਹੋ ਸਕਦੀ ਹੈ। ਮਸਨੂਈ ਗਿਆਨ ਅਤੇ ਚਿੰਤਨ ਦਾ ਭਾਰ ਮਨੁੱਖ ਨੂੰ ਸਵੈ ਤੋਂ ਵੀ ਵਿਛੁੰਨ ਦਿੰਦਾ ਹੈ। ਉਸ ਕੋਲ ਸਵੈ-ਪ੍ਰਗਟਾਵੇ ਦਾ ਅੰਤਿਮ ਸਾਹ ਵੀ ਨਹੀਂ ਬਚਦਾ। ਇਹ ਅਹਿਸਾਸ ਬਚਣ ਦੀ ਵੀ ਗੱਲ ਹੈ। ਮਾਤ ਭਾਸ਼ਾ ਰੋਜ਼ੀ ਰੋਟੀ ਲਈ ਗਿਆਨ ਅਤੇ ਚਿੰਤਨ ਲਈ ਹੀ ਨਹੀਂ ਜ਼ਰੂਰੀ, ਸਗੋਂ

ਪੰਜਾਬੀ ਸਾਈਕੀ ਦੀ ਨਵ-ਬਣਤਰ ਲਈ ਵੀ ਜ਼ਰੂਰੀ ਹੈ। ਜਿਸ ਅੰਦਰ ਆਪਣੀਆਂ ਬਰਕਤਾਂ, ਸੰਭਾਵਨਾਵਾਂ ਤੇ ਪਾਸਾਰਾਂ ਨੂੰ ਉਜਾਗਰ ਕਰਨ ਦੀ ਚੇਤਨਾ ਊਰਜਿਤ ਹੋ ਸਕੇ।

ਪੰਜਾਬ ਦੇ ਪਿੰਡਾਂ ਦੀ 66 ਪ੍ਰਤੀਸ਼ਤ ਆਬਾਦੀ ਆਪਣੀ ਮਾਤ ਭਾਸ਼ਾ ਨਾਲ ਸਿੱਧੇ ਰੂਪ ਵਿੱਚ ਜੁੜੀ ਹੋਈ ਹੈ। ਉਹਨਾਂ ਕੋਲ ਭਾਵੁਕ ਇਜ਼ਹਾਰ ਆਪਣੀ ਮਾਦਰੀ ਜ਼ੁਬਾਨ ਹਵਾਲੇ ਕਰਨ ਦੀ ਤਾਕਤ ਹੈ। ਉਹਨਾਂ ਦੇ ਸੰਕਟ, ਦੁੱਖ ਤੇ ਤਕਲੀਫ਼ ਪੰਜਾਬੀ ਭਾਸ਼ਾ ਆਪਣੇ ਰਾਹੀਂ ਪ੍ਰਗਟ ਕਰਦੀ ਹੈ। ਪਰ ਮੰਡੀ ਦੀ ਭਾਸ਼ਾ ਅਤੇ ਵਿਸ਼ਵੀਕਰਨ ਦੀ ਨਿਯਮਾਵਾਲੀ ਉਹਨਾਂ ਨੂੰ 'ਅਨਪੜ੍ਹ' ਬਣਾ ਰਹੀ ਹੈ। ਭਾਵ ਉਹਨਾਂ ਨੂੰ ਵਿਕਾਸ ਦੀ ਪ੍ਰਕਿਰਿਆ 'ਚੋਂ ਹੀ ਕੱਢ ਕੇ ਬਾਹਰ ਸੁੱਟ ਰਹੀ ਹੈ। ਉਹਨਾਂ ਦਾ ਹੋਣਾ ਹੀ ਸੰਕਟ ਬਣ ਰਿਹਾ ਹੈ। ਉਨ੍ਹਾਂ ਦੀ ਪ੍ਰਤਿਭਾ, ਊਰਜਾ, ਬੌਧਿਕਤਾ, ਸਮਰਪਣ ਅਜਾਈਂ ਜਾ ਰਿਹਾ ਹੈ। ਕਾਰਪੋਰੇਟ ਮਾਡਲਾਂ ਵਾਲੇ ਵਿਕਾਸ ਮੁਨਾਫ਼ੇ ਆਧਾਰਿਤ ਚੇਤਨਾ ਵਾਲੇ ਹੁੰਦੇ ਹਨ। ਉਹਨਾਂ ਅੰਦਰ ਭਾਵੁਕਤਾ, ਸੰਵੇਦਨਾ ਜਾਂ ਜਜ਼ਬਾਤ ਬੇਲੋੜੇ ਹੁੰਦੇ ਹਨ, ਇਸ ਕਰਕੇ ਵਿਕਾਸ ਦੇ ਮਾਡਲਾਂ ਨੂੰ ਵੀ ਬਦਲਣ ਦੀ ਲੋੜ ਹੈ।

ਉਚੇਰੀ ਸਿੱਖਿਆ, ਖੋਜ ਅਤੇ ਵਿਗਿਆਨ ਦੀ ਭਾਸ਼ਾ ਵੀ 'ਪੰਜਾਬੀ' 'ਚ ਹੋਣੀ ਚਾਹੀਦੀ ਹੈ। ਇਸ ਨਾਲ ਮਨੁੱਖੀ ਸ਼ਖ਼ਸੀਅਤ ਸੰਪੂਰਨਤਾ 'ਚ ਮੌਲਦੀ ਹੈ। ਅੰਗਰੇਜ਼ੀ ਵਿਹੂਣੇ ਸਮਾਜ ਦੀ ਹੀਣ ਭਾਵਨਾ ਖ਼ਤਮ ਹੁੰਦੀ ਹੈ। ਆਪਾ ਪ੍ਰਗਟ ਕਰਨ ਦੀ ਸੌ ਪ੍ਰਤੀਸ਼ਤ ਸੰਭਾਵਨਾ ਹੁੰਦੀ ਹੈ। ਇਸ ਨਾਲ ਪੰਜਾਬੀ ਭਾਸ਼ਾ ਹੀ ਨਹੀਂ ਪੰਜਾਬ ਦੇ ਸਰਬਪੱਖੀ ਚਰਿੱਤਰ ਦੀ ਮੌਲਿਕਤਾ ਵੀ ਨਵੇਂ ਰੂਪ ਵਿੱਚ ਉੱਘੜੇਗੀ। ਇਸ ਕਰਕੇ ਭਾਸ਼ਾ ਦਾ ਮਸਲਾ ਗਿਆਨ, ਸੱਤਾ, ਤਾਕਤ, ਰਾਜਨੀਤੀ, ਆਰਥਿਕਤਾ, ਸਮਾਜਿਕਤਾ, ਸਥਾਨਿਕਤਾ ਦਾ ਵੀ ਮਸਲਾ ਹੈ। ਪੰਜਾਬੀ ਬੰਦੇ ਨੂੰ, ਬੁੱਧੀਜੀਵੀ ਤਬਕੇ ਨੂੰ, ਹਰ ਸੰਵੇਦਨਸ਼ੀਲ ਮਨੁੱਖ ਨੂੰ ਇਹ ਜੱਦੋ ਜਹਿਦ ਕਰਨੀ ਪਵੇਗੀ ਕਿ ਸਾਡੀ ਮਾਤ ਭਾਸ਼ਾ ਪੰਜਾਬ 'ਚ ਹਰ ਖੇਤਰ ਦੀ ਭਾਸ਼ਾ ਹੋਵੇ ਕਿਉਂਕਿ ਇਹ ਸਾਡੀ ਹੋਣੀ ਤੇ ਹੋਂਦ ਦਾ ਸਵਾਲ ਹੈ।

**ਅਸਿਸਟੈਂਟ ਪ੍ਰੋਫੈਸਰ**
**ਐਸ. ਬੀ. ਬੀ. ਐਸ. ਯੂਨੀਵਰਸਿਟੀ**
**ਜਲੰਧਰ**
**94643-15244**

## ਕਵਿਤਾ

ਮਾੜਾ ਅਟਕਣਾ ਇਹਨਾਂ ਦਾ ਇੱਕ ਥਾਂ 'ਤੇ
ਸੱਪ, ਸਾਧ ਤੇ ਪਾਣੀ ਦੀ ਧਾਰ ਤਿੰਨੇ।
ਖੁਸ਼ੀ ਇਹਨਾਂ ਦੇ ਚਿਹਰੇ 'ਤੇ ਆਂਵਦੀ ਨਹੀਂ
ਰੋਗੀ, ਕੈਦੀ ਅਤੇ ਕਰਜ਼ਦਾਰ ਤਿੰਨੇ।
ਪਾਰਸ, ਪੁੱਤਰ, ਪ੍ਰੇਮ ਦੁਰਲੱਭ ਚੀਜ਼ਾਂ
ਵਿਕਣ ਮੁੱਲ ਨਾ ਵਿੱਚ ਬਾਜ਼ਾਰ ਤਿੰਨੇ।
ਹਾਕਮ, ਕਵੀ, ਰਸੋਈਏ ਨੂੰ ਛੇੜੀਏ ਨਾ
ਵਕਤ ਪਏ ਤੇ ਕਰਨ ਖ਼ੁਆਰ ਤਿੰਨੇ।
ਡਲ੍ਹਕ ਇਹਨਾਂ ਦੀ ਕਦੇ ਨਹੀਂ ਮਾਤ ਪੈਂਦੀ
ਲਾਲ, ਖਰਾ ਸੋਨਾ, ਸ਼ਾਹੂਕਾਰ ਤਿੰਨੇ।
ਲੱਖ ਨਾਲ ਯਤਨਾਂ ਕਦੇ ਨਾ ਟਲਦੇ ਪਰਮ
ਕਰਮਗਤੀ, ਜ਼ਾਲਮ, ਹੋਣਹਾਰ ਤਿੰਨੇ।
ਸੁਰਗ ਭੋਗਦਾ ਜੱਗ ਤੇ ਕੋਲ ਜੀਹਦੇ
ਧਨ, ਰੂਪ ਤੇ ਪਦਮਨੀ ਨਾਰ ਤਿੰਨੇ।
ਪੈਸਾ ਜੇਬ ਦੇ ਵਿੱਚ ਨਹੀਂ ਰਹਿਣ ਦਿੰਦੇ
ਜਿਹਮਤ, ਕਲ੍ਹੇ ਤੇ ਜੂਏ ਦੀ ਹਾਰ ਤਿੰਨੇ।
ਬਿਨਾਂ ਤੀਰ-ਤਲਵਾਰ ਤੋਂ ਘਾਇਲ ਕਰਦੇ
ਬੋਲੀ, ਬਿਰਹੋਂ ਤੇ ਨੈਣਾਂ ਦਾ ਵਾਰ ਤਿੰਨੇ।
ਭਲਾ ਇਹਨਾ ਤੋਂ ਕਦੇ ਨਾ ਹੋਂਵਦਾ ਏ
ਸੌਂਕਣ, ਡੈਣ ਤੇ ਭੈੜੀ ਸਰਕਾਰ ਤਿੰਨੇ।
ਸੰਗਤ ਇਹਨਾਂ ਦੀ ਬੁਰੀ ਜਿਊਣ ਸਿੰਘਾ
ਠੱਗ, ਚੋਰ ਤੇ ਨਾਰ ਬੁਰਿਆਰ ਤਿੰਨੇ।

**-ਕਵੀ ਜੀਵਨ ਸਿੰਘ**

# ਕਹਾਣੀ- ਸ਼ੇਰ ਮੁਹੰਮਦ ਚੌਂਕ

-ਅਲੀ ਅਕਬਰ ਨਾਤਿਕ

ਮੈਨੂੰ ਇਹ ਪਿੰਡ ਛੱਡਿਆਂ ਪੈਂਤੀ ਸਾਲ ਹੋ ਗਏ ਸੀ। ਅੱਜ ਮੁੱਦਤਾਂ ਬਾਅਦ ਆਣ ਹੋਇਆ ਤੇ ਇੱਕ-ਇੱਕ ਗਲੀ ਨੂੰ ਪਲਕਾਂ ਨਾਲ ਚੁੰਮਦਾ, ਅੱਥਰੂ ਸੁੱਟਦਾ ਸਾਰੇ ਪਿੰਡ ਵਿਚ ਚੱਕਰ ਲਾਵਣੇ ਸ਼ੁਰੂ ਕਰ ਦਿੱਤੇ। ਪਿੰਡ ਦੀ ਕੱਲੀ-ਕੱਲੀ ਸ਼ੈ ਮੇਰੀਆਂ ਅੱਖਾਂ ਅੱਗੇ ਤਸਵੀਰ ਵਾਂਗੂੰ ਫਿਰ ਰਹੀ ਸੀ। ਪੈਂਤੀ ਸਾਲ ਦਾ ਵੇਲਾ ਮੂੰਹ ਨਾਲ ਆਖਣਾ ਏ। ਨਾ ਉਹ ਪਿੰਡ ਵਿੱਚ ਪਛਾਣ ਆਲੀਆਂ ਸ਼ਕਲਾਂ ਰਹੀਆਂ ਤੇ ਨਾ ਉਹ ਕੰਧਾਂ-ਕੌਲੇ ਰਹੇ। ਪਰ ਫਿਰ ਵੀ ਪਿੰਡ ਤਾਂ ਉਹ ਈ ਸੀ। ਮੈਂ ਟੁਰਦਾ-ਟੁਰਦਾ ਸ਼ੇਰ ਮੁਹੰਮਦ ਚੌਕ ਵਿੱਚ ਆ ਵੜਿਆ। ਇਹ ਚੌਕ ਤੇ ਇਹੰਦੀ ਟਾਹਲੀ ਦੀ ਛਾਂ ਥੱਲੇ ਬਣੀ ਕਬਰ ਨੇ ਮੈਨੂੰ ਇੰਝ ਖਿੱਚ ਲਿਆ ਜਿਵੇਂ ਰੂਹ ਨੂੰ ਫ਼ਰਿਸ਼ਤਾ ਖਿੱਚ ਲਵੇ। ਟਾਹਲੀ ਦੀ ਹਰਿਆਵਲ ਤੇ ਕਬਰ ਉੱਤੇ ਤਵੀਤਾਂ ਦੇ ਢੇਰ ਦੱਸਦੇ ਸਨ, ਬਈ ਕਬਰ ਆਲਾ ਅਜੇ ਵੀ ਜ਼ਿੰਦਾ ਏ। ਪਹਿਲਾਂ ਇਹੰਦਾ ਨਾਂ 'ਟਾਹਲੀ ਆਲ਼ਾ ਚੌਕ ਸੀ', ਫਿਰ ਇਹਨੂੰ 'ਸ਼ੇਰ ਮੁਹੰਮਦ ਚੌਕ' ਆਖਣ ਲੱਗ ਪਏ। ਇਹ ਨਾਂ ਕਿਉਂ ਬਦਲਿਆ ਇਹਦੀ ਇੱਕ ਲੰਮੀ ਕਹਾਣੀ ਏ।

ਸ਼ੇਰ ਮੁਹੰਮਦ ਸਾਡੇ ਪਿੰਡ ਦਾ ਲੁਹਾਰ ਸੀ। ਮੈਂ ਪਹਿਲੀ ਵਾਰੀ ਆਪਣੇ ਪਿਓ ਨਾਲ ਉਹਦੀ ਦੁਕਾਨ ਤੇ ਗਿਆ ਸਾਂ। ਉਦੋਂ ਮੇਰੀ ਉਮਰ ਸੱਤ ਸਾਲ ਸੀ। ਮੇਰਾ ਪਿਓ ਅਕਸਰ ਉਸ ਦੁਕਾਨ 'ਤੇ ਜਾ ਕੇ ਬਹਿੰਦਾ ਸੀ। ਸ਼ੇਰ ਮੁਹੰਮਦ ਲੁਹਾਰ ਦੀ ਦੁਕਾਨ ਪਿੰਡ ਦੇ ਸੱਜੇ ਕੋਨੇ 'ਤੇ ਬਾਹਰਲੇ ਪਾਸੇ ਮੋਹਨ ਸਿੰਘ ਦੀ ਹਵੇਲੀ ਦੇ ਨਾਲ ਸੀ। ਵਕਤ ਲੰਘਣ ਨਾਲ ਆਸੇ-ਪਾਸੇ ਹੋਰ ਵੀ ਆਬਾਦੀ ਹੋ ਗਈ ਤੇ ਏਸ ਜਗ੍ਹਾ ਇੱਕ ਚੌਕ ਜਿਹਾ ਬਣ ਗਿਆ। ਮੋਹਨ ਸਿੰਘ ਉਜਾੜੇ ਤੋਂ ਬਾਦ ਲੁਧਿਆਣੇ ਟੁਰ ਗਿਆ ਤੇ ਹਵੇਲੀ ਦਾ ਨਵਾਂ ਮਾਲਿਕ ਮੇਜਰ ਸਿਕੰਦਰ ਆ ਗਿਆ। ਸਿਕੰਦਰ ਖਾਂ ਦਾ ਕੁਣਬਾ ਵੱਡਾ ਹੋਣ ਪਾਰੋਂ ਹਵੇਲੀ ਅੰਦਰੋਂ ਦੋ ਹਿੱਸਿਆਂ ਵਿਚ ਵੰਡੀ ਗਈ, ਪਰ ਬਾਹਰੋਂ ਫਾਟਕ ਇੱਕ ਈ ਰਹਿਆ। ਹਵੇਲੀ ਦੇ ਸਾਹਮਣੇ ਇੱਕ ਭਾਰੀ ਟਾਹਲੀ ਸੀ। ਏਸ ਦਾ ਘੇਰਾ ਪੂਰੇ ਚੌਕ ਨੂੰ ਛਾਂ ਨਾਲ ਢੱਕੀ ਰੱਖਦਾ। ਇਸ ਟਾਹਲੀ ਕੋਲੇ ਹਵੇਲੀ ਦੀ ਕੰਧ ਨਾਲ਼ ਸ਼ੇਰ ਮੁਹੰਮਦ ਦੀ ਦੁਕਾਨ ਸੀ। ਭੱਠੀ ਚੋਂ ਨਿਕਲਣ ਆਲੇ ਧੂੰ ਤੇ ਅੱਗ ਦੇ ਸੇਕ ਨੇ ਟਾਹਲੀ ਦੀਆਂ ਥੱਲੇ ਆਲੀਆਂ-ਲਗਰਾਂ ਨੂੰ ਕਾਲ਼ਾ ਸਿਆਹ ਕਰ ਦਿੱਤਾ। ਸ਼ੇਰ ਮੁਹੰਮਦ ਸਰਘੀ ਵੇਲੇ ਉੱਠ ਕੇ ਪਹਿਲਾਂ ਪੂਰੇ ਚੌਂਕ ਵਿਚ ਬੌਹਕਰ ਦਿੰਦਾ। ਫਿਰ ਖਾਲੇ ਤੋਂ ਨਹਿਰੀ ਪਾਣੀ ਦੀਆਂ ਚਾਰ ਬਾਲਟੀਆਂ ਭਰ ਕੇ ਟਾਹਲੀ ਦੇ ਮੁੱਢ 'ਚ ਪਾ ਦਿੰਦਾ। ਇਸ ਤੋਂ ਬਾਦ ਆਪਣੇ ਕੰਮ 'ਤੇ ਬਹਿ ਜਾਂਦਾ। ਲੋਕੀਂ ਜਿਸ ਵੇਲੇ ਮਸੀਤ 'ਚ ਨਮਾਜ਼ ਵਾਸਤੇ ਖੜ੍ਹੇ ਹੁੰਦੇ, ਸ਼ੇਰ ਮੁਹੰਮਦ ਏਸ ਕੰਮ 'ਚ ਲੱਗਿਆ ਹੁੰਦਾ। ਲੋਕਾਂ ਕਈ ਵਾਰੀ ਆਖਿਆ, ਤੂੰ ਨਮਾਜ਼ ਵੀ ਪੜ੍ਹ ਲਿਆ ਕਰ। ਸਾਝਰੇ ਉੱਠ ਕੇ ਅੱਲ੍ਹਾ-ਅੱਲ੍ਹਾ ਕਰਨ ਦੀ ਬਜਾਏ ਟਾਹਲੀ ਨੂੰ ਪਾਣੀ ਦੇਣ ਲੱਗ ਪੈਨਾ ਐਂ। ਸ਼ੇਰ ਮੁਹੰਮਦ ਜਵਾਬ ਦਿੰਦਾ, "ਭਲਿਉ ! ਮੇਰੀ ਤਾਂ ਨਮਾਜ਼ ਇਹੀ ਹੈ।" ਰੋਜ਼ ਨਹਿਰੀ ਪਾਣੀ ਦੇਣ ਪਾਰੋਂ ਟਾਹਲੀ ਦੀਆਂ ਲਗਰਾਂ ਹਰੀਆਂ ਸਿਆਹ ਤੇ ਮੁਟਿਆਰ ਦੀਆਂ ਉਂਗਲਾਂ ਵਾਂਗੂੰ ਲਚਕੀਲੀਆਂ ਹੋ ਗਈਆਂ। ਏਸੇ ਲਈ ਪੂਰੇ ਦਾ ਪੂਰਾ ਚੌਕ ਟਾਹਲੀ ਦੀ ਛਾਂ ਵਿਚ ਡੁੱਬ ਗਿਆ ਸੀ। ਅੱਠ ਦਸ ਬੰਦੇ ਹਮੇਸ਼ਾਂ ਦੁਕਾਨ ਦੇ ਥੜ੍ਹੇ 'ਤੇ ਬੈਠੇ ਰਹਿੰਦੇ, ਹੁੱਕਾ ਭਖ਼ਦਾ ਰਹਿੰਦਾ। ਇੱਕ ਉਠ ਜਾਂਦਾ ਦੂਜਾ ਆ ਬਹਿੰਦਾ। ਸ਼ੇਰ ਮੁਹੰਮਦ ਉਨ੍ਹਾਂ ਨੂੰ ਗੱਲੀਂ ਲਾਈ ਰੱਖਦਾ, ਨਾਲੇ ਅਪਣਾ ਲੋਹਾਰਾ ਤਰਖਾਣਾ ਕੀਤੀ ਰੱਖਦਾ। ਪਿੰਡ 'ਚ ਉਂਜ ਤਾਂ ਦੋ ਲੁਹਾਰ ਹੋਰ ਵੀ ਸਨ, ਪਰ ਉਨ੍ਹਾਂ ਦਾ ਕੰਮ ਏਡਾ ਚੰਗਾ ਨਹੀਂ ਸੀ। ਸ਼ੇਰ ਮੁਹੰਮਦ ਦੀ ਖ਼ਸੂਸੀਅਤ ਇਹ ਸੀ ਕਿ "ਉਹਦਾ ਫ਼ੈਸਲਾ ਕਰਨਾ ਔਖਾ ਸੀ, ਬਈ ਉਹ ਲੱਕੜੀ ਦਾ ਕੰਮ ਬਹੁਤਾ ਚੰਗਾ ਕਰਦਾ ਏ ਕਿ ਲੋਹੇ ਦਾ।"

ਮੇਰੇ ਪਿਓ ਦਾ ਕਹਿਣ ਸੀ, "ਸ਼ੇਰ ਮੁਹੰਮਦ ਲੁਹਾਰ ਜਿਹਾ ਕਾਰੀਗਰ ਉਹਨੇ ਆਪਣੀ ਹਯਾਤੀ ਵਿਚ ਨਹੀਂ ਵੇਖਿਆ।" ਤੇਸੇ ਨਾਲ਼ ਲੱਕੜੀ ਦੀ ਛਿਲ ਕਾਗ਼ਜ਼ ਤੋਂ ਪਤਲੀ ਉਤਾਰਨ ਦਾ ਉਹਨੂੰ ਢੰਗ ਸੀ। ਉਹਦੀ ਬਣਾਈ ਹੋਈ ਮੰਜੀ ਤੇ ਪੀੜ੍ਹੀ ਦੀ ਚੂਹਲ ਸਾਲਾਂ ਬਾਅਦ ਵੀ ਨਹੀਂ ਸੀ ਹਿੱਲਦੀ। ਏਸੇ ਤਰ੍ਹਾਂ ਹਲ ਦੀਆਂ ਅਰਲੀਆਂ ਦਾ ਜਿਹੜਾ ਸਲੀਕਾ ਸ਼ੇਰ ਮੁਹੰਮਦ ਨੂੰ ਸੀ, ਉਹ ਕਿਸੇ ਲੁਹਾਰ ਦੀਆਂ ਪੁਸ਼ਤਾਂ ਵਿੱਚ ਵੀ ਨਹੀਂ ਸੀ। ਉਹਦੇ ਸਿਰ 'ਤੇ ਚਿੱਟੀ ਪੱਗ ਹੁੰਦੀ, ਖੱਦਰ ਦੀ ਲੁੰਗੀ ਬੰਨ੍ਹਦਾ ਤੇ ਕੁੜਤਾ ਖੱਦਰ ਦਾ ਈ ਹੁੰਦਾ। ਮੈਂ ਇਨ੍ਹਾਂ

ਲੀੜਿਆਂ ਤੋਂ ਇਲਾਵਾ ਉਹਦੇ ਗਲ ਕੋਈ ਲੀੜਾ ਨਹੀਂ ਵੇਖਿਆ। ਮੇਰੇ ਪਿਓ ਦਾ ਚੰਗਾ ਬੇਲੀ ਸੀ। ਇੱਕ ਦਿਨ ਮੈਂ ਸਕੂਲ ਗਿਆ, ਓਦੋਂ ਮੈਂ ਦੂਜੀ ਜਮਾਤ ਵਿਚ ਸਾਂ। ਸਕੂਲ 'ਚ ਇੱਕ ਮੁੰਡਾ ਬੜਾ ਹਰਾਮੀ ਕਿਸਮ ਦਾ ਸੀ। ਮੈਨੂੰ ਆਹੰਦਾ, ਆਪਾਂ ਫੱਟੀ ਲੜਾਂਨੇ ਆਂ। ਮੈਂ ਆਖਿਆ ਮੈਂ ਨਹੀਂ ਲੜਾਂਦਾ। ਉਹ ਮੈਥੋਂ ਚੰਗਾ ਭਲਾ ਤਗੜਾ ਸੀ। ਆਹੰਦਾ ਅੱਜ ਤਾਂ ਫੱਟੀ ਲੜਾ ਕੇ ਰਹਾਂਗੇ। ਮੈਂ ਆਖਿਆ ਮੇਰੀ ਤਖ਼ਤੀ ਪਤਲੀ ਏ, ਪਰ ਓਹਨੇ ਮੇਰੀ ਇੱਕ ਨਾ ਸੁਣੀ, ਛੇਤੀ ਨਾਲ਼ ਮੇਰੀ ਤਖ਼ਤੀ ਥੱਲੇ ਰੱਖ ਕੇ ਜ਼ੋਰ ਨਾਲ਼ ਜਿਉਂ ਆਪਣੀ ਫੱਟੀ ਮਾਰੀ ਤੇ ਮੇਰੀ ਫੱਟੀ ਦੋ ਟੋਟੇ ਕਰ ਦਿੱਤੀ। ਮੈਂ ਰੋਂਦਾ ਹੋਇਆ ਘਰ ਆਇਆ। ਅੱਬੇ ਨੂੰ ਦੱਸਿਆ। ਅੱਬੇ ਨੇ ਆਖਿਆ, "ਤੂੰ ਫ਼ਿਕਰ ਨਾ ਕਰ, ਨਿਮਾਸ਼ੀਂ ਆਪਾਂ ਸ਼ੇਰ ਮੁਹੰਮਦ ਕੋਲੋਂ ਤੇਰੀ ਨਵੀਂ ਫੱਟੀ ਬਣਵਾਲਾਂਗੇ।" ਉਸ ਦਿਨ ਪਹਿਲੀ ਵਾਰੀ ਮੈਂ ਓਹਦੀ ਦੁਕਾਨ 'ਤੇ ਗਿਆ। ਸ਼ੇਰ ਮੁਹੰਮਦ ਤਖ਼ਤੀ ਟੁੱਟਣ ਦਾ ਵਾਕਿਆ ਸੁਣ ਕੇ ਹੱਸ ਪਿਆ, ਆਹੰਦਾ "ਪੁੱਤਰ! ਤੈਨੂੰ ਐਸੀ ਤਖ਼ਤੀ ਬਣਾ ਕੇ ਦਿਆਂਗਾ, ਤੇਰੀਆਂ ਸੱਤ ਪੁਸ਼ਤਾਂ ਹੰਢਾਵਣ ਗੀਆਂ। ਉਹਨੇ ਮੈਨੂੰ ਕਾਲੀ ਟਾਹਲੀ ਦੀ ਛੇ ਸੂਤਰ ਮੋਟੀ ਤਖ਼ਤੀ ਬਣਾ ਕੇ ਦੇ ਦਿੱਤੀ। ਉਹ ਵੇਖਣ ਨੂੰ ਲੋਹਾ ਤੇ ਵਜ਼ਨ ਨੂੰ ਪਾਰਾ ਸੀ। ਉਸ ਤਖ਼ਤੀ ਤੋਂ ਬਾਅਦ ਮੈਂ ਸਾਰੀ ਜਮਾਤ ਦੀਆਂ ਫੱਟੀਆਂ ਪਾੜੀਆਂ।

ਇਸ ਤੋਂ ਬਾਦ ਮੈਂ ਅਕਸਰ ਅੱਬੇ ਨਾਲ਼ ਉਹਦੀ ਦੁਕਾਨ 'ਤੇ ਜਾਣ ਲੱਗ ਪਿਆ। ਉਦੋਂ ਮੈਨੂੰ ਪਤਾ ਚੱਲਿਆ ਸ਼ੇਰ ਮੁਹੰਮਦ ਅੱਧੇ ਕੰਮ, ਬਗ਼ੈਰ ਕਿਸੇ ਲਾਲਚ ਦੇ ਕਰਦਾ ਸੀ। ਜੇ ਕਿਸੇ ਬੁੜ੍ਹੀ ਦੀ ਡੋਈ ਟੁੱਟ ਜਾਂਦੀ ਤੇ ਉਹ ਭੱਜੀ ਆਉਂਦੀ, "ਵੇ ਸ਼ੇਰ ਮੁਹੰਮਦਾ! ਛੇਤੀ ਨਾਲ ਮੈਨੂੰ ਡੋਈ ਬਣਾ ਦੇ, ਹਾਂਡੀ ਚੁੱਲ੍ਹੇ 'ਤੇ ਸੜ ਜਾਏਗੀ।" ਸ਼ੇਰ ਮੁਹੰਮਦ ਸਾਰੇ ਕੰਮ ਛੱਡ ਕੇ ਡੋਈ ਬਨਾਉਣ ਲੱਗ ਪੈਂਦਾ। ਏਸੇ ਤਰ੍ਹਾਂ, ਕਿਸੇ ਦਾ ਚਿਮਟਾ , ਕਿਸੇ ਦੀ ਫੂਕਣੀ, ਕਿਸੇ ਦੀ ਪੀੜ੍ਹੀ ਤੇ ਕਿਸੇ ਦੀ ਮੰਜੀ ਦੀ ਚੂਹਲ ਮੁਫ਼ਤੋ ਮੁਫ਼ਤੀ ਬਣਾਉਣਾ ਅਪਣਾ ਫ਼ਰਜ਼ ਸਮਝਦਾ, ਤੇ ਪਿੰਡ ਦੀਆਂ ਬੁੜ੍ਹੀਆਂ ਏਸ ਨੂੰ ਅਪਣਾ ਹੱਕ ਸਮਝਦੀਆਂ।

ਚੌਂਕ ਵਿਚ ਹਰ ਵੇਲੇ ਇੱਕ ਦੋ ਗੱਡੇ ਤੇ ਸੁੱਕੀਆਂ ਲੱਕੜਾਂ ਦੇ ਮੁੱਢ ਪਏ ਰਹਿੰਦੇ। ਹੱਲ, ਅਰਨੀਆਂ, ਤੇ ਪੰਜਾਲੀਆਂ ਦਾ ਟੁੱਟਾ-ਭੱਜਾ ਸਾਮਾਨ ਵੀ ਇੱਕ ਪਾਸੇ ਪਿਆ ਹੁੰਦਾ। ਏਨਾ ਕੁਝ ਹੋਣ ਪਾਰੋਂ ਵੀ ਇਹ ਥਾਂ ਇੱਕ ਖੁੱਲਾ ਮਦਾਨ ਮਾਲੂਮ ਹੁੰਦਾ। ਓਥੇ ਬਹਿਣ ਆਲੇ ਮੀਂਹ ਜਾਏ, ਹਨੇਰੀ ਜਾਏ, ਆਣ ਕੇ ਰੌਣਕ ਲਾਈ ਰੱਖਦੇ। ਹੁੱਕੇ ਦੇ ਅੰਗਾਰੇ ਏਨੇ ਲਾਲ ਹੁੰਦੇ, ਦਿਲ ਕਰਦਾ ਚੁੱਕ ਕੇ ਮੂੰਹ ਵਿਚ ਪਾ ਲਈਏ। ਜ਼ਰਾ ਅੰਗਾਰਿਆਂ ਦਾ ਰੰਗ ਕਾਲਾ ਪੈਂਦਾ, ਸ਼ੇਰ ਮੁਹੰਮਦ ਹੁੱਕੇ ਦਾ ਫਲ ਉਲਟ ਦਿੰਦਾ ਤੇ ਭੱਠੀ 'ਚੋਂ ਨਵੇਂ ਅੰਗਾਰਿਆਂ ਨਾਲ ਚਿਲਮ ਭਰ ਦਿੰਦਾ। ਤਮਾਕੂ ਹਰ ਜ਼ਿਮੀਂਦਾਰ ਦੇ ਘਰ ਹੁੰਦਾ, ਕਦੇ ਕੋਈ ਖੱਬੜ ਚੁੱਕ ਲਿਆਂਦਾ ਤੇ ਕਦੇ ਕੋਈ। ਇੱਕ ਪਾਸੇ ਪਾਣੀ ਦਾ ਘੜਾ ਪਿਆ ਹੁੰਦਾ। ਓਹਦੇ ਉੱਤੇ ਸੇਬਿਆਂ ਦੀ ਬੋਰੀ ਪਾਣੀ ਛਿੜਕ ਕੇ ਦਿੱਤੀ ਹੁੰਦੀ। ਗੱਲ ਕਾਹਦੀ ਬਈ ਹੁੱਕਾ ਚੱਲਦਾ ਰਹਿੰਦਾ ਤੇ ਠੰਡਾ ਪਾਣੀ ਪਿਆ ਰਹਿੰਦਾ। ਸ਼ੇਰ ਮੁਹੰਮਦ ਆਪਣੇ ਕੰਮ ਨੂੰ ਵੀ ਕੀਤੀ ਰੱਖਦਾ ਤੇ ਉਨ੍ਹਾਂ ਨਾਲ ਗੱਲਾਂ 'ਚ ਵੀ ਪੂਰਾ ਲਹਿੰਦਾ। ਸ਼ੇਰ ਮੁਹੰਮਦ ਨੂੰ ਇਹ ਦੁਕਾਨ ਸਰਦਾਰ ਮੋਹਨ ਸਿੰਘ ਨੇ ਬਣਾ ਕੇ ਦਿੱਤੀ ਸੀ। ਇਹਨੇ ਉਜਾੜੇ ਤੋਂ ਪਹਿਲਾਂ ਉਹਨੂੰ ਕਸੂਰ ਤੋਂ ਲਿਆ ਕੇ ਵਸਾਇਆ ਸੀ। ਮੋਹਨ ਸਿੰਘ ਨੇ ਏਸ ਚੌਕ ਵਿਚ ਓਹਦੀ ਦੁਕਾਨ ਬਣਾ ਕੇ ਦੇਣ ਤੋਂ ਇਲਾਵਾ ਦਸ ਮਰਲੇ ਦਾ ਘਰ ਵੀ ਦਿੱਤਾ। ਉਂਜ ਤਾਂ ਕੋਠੇ ਤੇ ਡਿਓੜ੍ਹੀ ਕੱਚੀ ਸੀ, ਪਰ ਪੱਕਿਆਂ ਨਾਲੋਂ ਵੱਧ ਕੇ ਸੀ। ਤਿੰਨ ਇੱਟਾਂ ਦੀਆਂ ਚੌੜੀਆਂ ਕੰਧਾਂ ਤੇ ਛੱਤਾਂ ਉਸਾਰੀਆਂ ਸਨ। ਪਹਿਲਾਂ-ਪਹਿਲ ਉਹ ਸਰਦਾਰ ਮੋਹਨ ਸਿੰਘ ਦਾ ਸੇਪੀ ਰਿਹਾ। ਉਸਦੀਆਂ ਮੰਜੀਆਂ-ਪੀੜ੍ਹੀਆਂ ਤੋਂ ਇਲਾਵਾ ਲੋਹੇ ਲੱਕੜ ਦਾ ਜਿੰਨਾ ਕੰਮ ਸੀ, ਇਹੀ ਕਰਦਾ, ਪਰ ਥੋੜ੍ਹੇ ਜਿਹੇ ਅਰਸੇ ਬਾਅਦ ਅੱਧੇ ਪਿੰਡ ਦਾ ਕੰਮ ਓਹਦੇ ਕੋਲ ਆਣ ਲੱਗ ਪਿਆ ।

ਏਸ ਚੌਕ ਵਿੱਚ ਜਦੋਂ ਸ਼ੇਰ ਮੁਹੰਮਦ ਨੇ ਦੁਕਾਨ ਬਣਾਈ ਓਦੋਂ ਕੋਈ ਛਾਂ ਨਹੀਂ ਸੀ। ਚਾਰ ਚੁਫ਼ੇਰੇ ਧੂੜ ਉੱਡਦੀ। ਹਨ੍ਹੇਰੀ ਚੱਲਣ ਨਾਲ ਹਰ ਪਾਸੇ ਮਿਟਿਓ ਮਿੱਟੀ ਹੋ ਜਾਂਦੀ। ਇੱਕ ਦਿਨ ਸ਼ੇਰ ਮੁਹੰਮਦ ਨੇ ਦੁਕਾਨ ਦੇ ਅੱਗੇ ਵੱਡਾ ਸਾਰਾ ਛੱਪਰ ਛੱਤ ਲਿਆ। ਸ਼ਾਮ ਨੂੰ ਜਦੋਂ ਸਰਦਾਰ ਮੋਹਨ ਸਿੰਘ ਬਾਹਰ ਨਿਕਲਿਆ ਤੇ ਉਹਨੇ ਵੇਖਿਆ ਸ਼ੇਰ ਮੁਹੰਮਦ ਨੇ ਛਾਂ ਪਾਰੋਂ ਛੱਪਰ ਛੱਤ ਲਿਆ ਏ। ਏਸ ਨਾਲ ਮਿੱਟੀ ਘੱਟੇ ਤੋਂ ਕੁਝ ਸਕੂਨ ਹੋ ਗਿਆ ਏ। ਉਹ ਆ ਕੇ ਥੋੜ੍ਹੀ ਦੇਰ ਦੁਕਾਨ 'ਤੇ ਬਹਿ ਗਿਆ। ਓਹਦੀ ਵੇਖਾ ਵੇਖੀ ਇੱਕ ਦੋ ਬੰਦੇ ਹੋਰ ਵੀ ਆ ਗਏ ਤੇ ਈਸ਼ਾ ਦੀ ਬਾਂਗ ਤਾਈਂ ਓਥੇ ਰੌਣਕ ਲੱਗੀ ਰਹੀ। ਦੂਜੇ ਦਿਨ ਸਰਦਾਰ ਮੋਹਨ ਸਿੰਘ ਨੂੰ ਕੀ ਸੁੱਝੀ? ਦੁਪਹਿਰੀਂ ਆਪਣੇ ਨੌਕਰ ਦੇ ਸਿਰ 'ਤੇ ਟਾਹਲੀ ਦਾ ਬੂਟਾ ਚੁਕਾਈ ਲਿਆਇਆ। ਬੂਟਾ ਲਵਾ ਕੇ ਇੱਕ ਘੜਾ ਪਾਣੀ ਦਾ ਦੇ

ਦਿੱਤਾ। ਸ਼ੇਰ ਮੁਹੰਮਦ ਇਹ ਸਾਰਾ ਕੁੱਝ ਵੇਖ ਰਿਹਾ ਸੀ।

ਉਹਨੇ ਸਰਦਾਰ ਮੋਹਨ ਸਿੰਘ ਨੂੰ ਆਖਿਆ, "ਸਰਦਾਰ ਮੋਹਣੇ ਖਾਂ ! ਮੈਨੂੰ ਵੀ ਕੋਈ ਖ਼ਿਦਮਤ ਦੱਸੋ ?"

ਮੋਹਨ ਸਿੰਘ ਨੇ ਆਖਿਆ, "ਸ਼ੇਰੇ ਤੂੰ ਹਰ ਵੇਲੇ ਇਸ ਚੌਂਕ ਵਿਚ ਬੈਠਾ ਹੁੰਦਾ ਐਂ। ਮੈਂ ਇਹ ਬੂਟਾ ਲਾ ਦਿੱਤਾ ਏ। ਤੂੰ ਇਹਨੂੰ ਪਾਣੀ ਦੇ ਛੱਡਿਆ ਕਰ ਤੇ ਨਾਲੇ ਨੁਕਸਾਨ ਤੋਂ ਬਚਾਈਂ ਰੱਖੀਂ।"

ਸ਼ੇਰ ਮੁਹੰਮਦ ਨੇ ਜਵਾਬ ਦਿੱਤਾ, "ਲੈ ਸਰਦਾਰ ਜੀ ! ਏਹਦੀ ਹਿਫ਼ਾਜ਼ਤ ਮੇਰੇ ਜ਼ਿੰਮੇ ਰਹੀ। ਮੇਰੀ ਹਯਾਤੀ ਏਸ ਬੂਟੇ ਦੇ ਨਾਂ ਹੋ ਗਈ ਫਿਰ।"

ਸਰਦਾਰ ਮੋਹਨ ਸਿੰਘ ਓਹਦੀ ਗੱਲ ਸੁਣ ਕੇ ਹੱਸ ਪਿਆ। ਨੌਕਰ ਨੇ ਬੂਟੇ ਦੇ ਆਸੇ ਪਾਸੇ ਕਿੱਕਰ ਦੇ ਛਾਪੇ ਲਾ ਦਿੱਤੇ ਸੀ। ਉਨ੍ਹਾਂ ਦੇ ਜਾਣ ਤੋਂ ਬਾਅਦ ਸ਼ੇਰ ਮੁਹੰਮਦ ਨੇ ਲੋਹੇ ਦੀਆਂ ਦੋ ਸੂਤਰ ਮੋਟੀਆਂ ਪੱਤਰੀਆਂ ਤੇ ਤਿੰਨ ਸੂਤਰ ਦੀਆਂ ਤਾਰਾਂ ਨਾਲ ਕੰਡੇ ਆਲੀ ਇੱਕ ਵਾੜ ਬਣਾ ਦਿੱਤੀ। ਕੰਡੇ ਸੂਈਆਂ ਤਰ੍ਹਾਂ ਲੰਮੇ ਤੇ ਨੁਕੀਲੇ ਸੀ। ਦੂਜਾ ਕੰਮ ਇਹ ਫੜ੍ਹ ਲਿਆ ਬਈ ਸਾਝਰੇ ਨਮਾਜ਼ ਵੇਲੇ ਇੱਕ ਘੜਾ ਪਾਣੀ ਦਾ ਦੇਣਾ ਆਪਣੇ ਉੱਤੇ ਫ਼ਰਜ਼ ਸਮਝ ਲਿਆ। ਜਿਵੇਂ-ਜਿਵੇਂ ਬੂਟਾ ਵੱਡਾ ਹੁੰਦਾ ਗਿਆ, ਪਾਣੀ ਦੇ ਘੜੇ ਵਧਦੇ ਗਏ ਤੇ ਵਾੜ ਵੱਡੀ ਹੁੰਦੀ ਗਈ। ਇੱਕ ਵਕਤ ਆਇਆ, ਵਾੜ ਦੀ ਜ਼ਰੂਰਤ ਨਾ ਰਹੀ, ਪਰ ਪਾਣੀ ਪਾਉਣਾ ਉਹਨੇ ਨਾ ਛੱਡਿਆ। ਇਹ ਬੂਟਾ ਏਨਾ ਫੈਲਿਆ ਬਈ ਸਾਰੇ ਚੌਕ ਨੂੰ ਉਸਦੀ ਛਾਂ ਨੇ ਘੇਰ ਲਿਆ। ਸਰਦਾਰ ਮੋਹਨ ਸਿੰਘ ਦਾ ਮੰਜਾ ਵੀ ਏਸ ਛਾਂ ਥੱਲੇ ਆਣ ਲੱਗਾ।

ਗੂੜ੍ਹੀ ਛਾਂ ਨੂੰ ਵੇਖ ਕੇ ਸਰਦਾਰ ਮੋਹਨ ਸਿੰਘ ਕਈ ਵਾਰੀ ਸ਼ੇਰ ਮੁਹੰਮਦ ਨੂੰ ਆਖਿਆ, "ਸ਼ੇਰ ਮੁਹੰਮਦਾ ਏਸ ਟਾਹਲੀ ਦੀ ਹਯਾਤੀ ਤੇਰੀ ਹਯਾਤੀ ਨਾਲ ਜੁੜ ਗਈ ਏ। ਅਸੀਂ ਭਾਂਵੇਂ ਨਾ ਰਹੀਏ ਪਰ ਇਹ ਟਾਹਲੀ ਆਉਣ ਆਲੀਆਂ ਨਸਲਾਂ ਨੂੰ ਛਾਂ ਦਿੰਦੀ ਰਹੇਗੀ।"

ਏਸ ਵੇਲੇ ਨੂੰ ਵੀਹ ਸਾਲ ਲੰਘ ਗਏ। ਫਿਰ ਇੱਕ ਦਿਨ ਉਜਾੜਾ ਪੈ ਗਿਆ। ਸਰਦਾਰ ਮੋਹਨ ਸਿੰਘ ਨੂੰ ਭਾਰ ਚੁੱਕ ਕੇ ਲੁਧਿਆਣੇ ਜਾਣਾ ਪੈ ਗਿਆ। ਜਾਂਦਿਆਂ ਹੋਇਆਂ ਉਹ ਢਾਈਂ ਮਾਰ ਕੇ ਰੋਇਆ। ਉਹੰਦਾ ਮੰਜਾ ਉਸ ਟਾਹਲੀ ਥੱਲੇ ਪਿਆ ਰਹਿ ਗਿਆ। ਇੱਕ ਦਿਨ ਮੇਰੇ ਪਿਓ ਨੂੰ ਸ਼ੇਰ ਮੁਹੰਮਦ ਦੱਸਿਆ, ਭਾਈ ਬਸ਼ੀਰ ਮੈਨੂੰ ਉਹ ਦਿਨ ਨਹੀਂ ਭੁੱਲਦਾ, ਜਿਸ ਦਿਨ ਸਰਦਾਰ ਮੋਹਨ ਸਿੰਘ ਹਵੇਲੀ ਦੀਆਂ ਕੰਧਾਂ ਨਾਲ ਲੱਗ ਕੇ ਰੋਇਆ। ਮੋਹਨ ਸਿੰਘ ਦਾ ਭਾਰ ਗੱਡਾਂ 'ਤੇ ਲੱਦਿਆ ਸੀ। ਮੈਨੂੰ ਚੰਗੀ ਤਰ੍ਹਾਂ ਯਾਦ ਏ ਓਹਦੀ ਪੱਗ ਦਾ ਸ਼ਮਲ੍ਹਾ ਖੁੱਲ ਕੇ ਗਲ ਵਿਚ ਪੈ ਗਿਆ ਸੀ।

ਸਰਦਾਰ ਮੋਹਨ ਸਿੰਘ ਦਾ ਕੁੱਲ ਸਾਮਾਨ ਗੱਡਾਂ 'ਤੇ ਸੀ, ਪਰ ਟਾਹਲੀ ਥੱਲੇ ਪਈ ਉਹ ਮੰਜੀ ਉਹਨੇ ਨੌਕਰਾਂ ਨੂੰ ਨਹੀਂ ਚੁੱਕਣ ਦਿੱਤੀ। ਉਹਨੇ ਆਖਿਆ, "ਤੁਹਾਨੂੰ ਨਹੀਂ ਪਤਾ ਏਸ ਮੰਜੀ ਉੱਤੇ ਮੇਰੀ ਰੂਹ ਪਈ। ਇਹਨੂੰ ਇਥੇ ਈ ਪਈ ਰੈਹਣ ਦਿਓ।" ਅੱਜ ਉਹਨੂੰ ਪਿੰਡ ਛੱਡੇ ਪੰਝੀ ਸਾਲ ਹੋ ਗਏ ਨੇ ਤੇ ਏਸ ਮੰਜੀ ਨੂੰ ਟਾਹਲੀ ਥੱਲੇ ਪੰਤਾਲੀ ਸਾਲ ਲੰਘ ਗਏ ਨੇ।

ਵਕਤ ਲੰਘਦਾ ਗਿਆ, ਸ਼ੇਰ ਮੁਹੰਮਦ ਲੁਹਾਰ ਦਾ ਕੰਮ ਚੱਲਦਾ ਰਿਹਾ, ਫਿਰ ਉਹ ਕਜ਼ੀਆ ਪਿਆ ਜਿਸਦਾ ਕਿਸੇ ਨੂੰ ਖ਼ਿਆਲ ਵੀ ਨਹੀਂ ਸੀ। ਉਦੋਂ ਮੈਂ ਪੰਦਰਾਂ ਸਾਲ ਦਾ ਸਾਂ। ਸਰਦਾਰ ਮੋਹਨ ਸਿੰਘ ਦੀ ਹਵੇਲੀ ਜਿਸ ਫ਼ੌਜੀ ਨੇ ਅਲਾਟ ਕਰਾਈ ਸੀ, ਇੱਕ ਦਿਨ ਓਹਦੀ ਧੀ ਦੀ ਸ਼ਾਦੀ ਆ ਗਈ। ਧੀ ਦੇ ਦਾਜ ਵਾਸਤੇ ਉਹਨੇ ਫ਼ਰਨੀਚਰ ਦੇ ਟਰੱਕ ਭਰ ਕੇ ਦੇਣ ਦਾ ਇਰਾਦਾ ਕਰ ਲਿਆ। ਉਹਨੂੰ ਕਿਸੇ ਦੱਸ ਛੱਡਿਆ, ਬਈ ਚੌਕ ਆਲੀ ਟਾਹਲੀ ਦੀ ਲੱਕੜ ਕਾਲੀ ਸਿਆਹ ਏ। ਸਿਕੰਦਰ ਖਾਂ ਨੇ ਟਾਹਲੀ ਵੱਢਣ ਦੀ ਨੀਯਤ ਕਰ ਲਈ। ਪਿੰਡ ਆਲਿਆਂ ਨੇ ਬੜਾ ਸਮਝਾਇਆ, "ਭਾਈ ਸਿਕੰਦਰ ਬਾਹਰੋਂ ਕਿਤੋਂ ਚੰਗੀ ਲੱਕੜ ਲੱਭ ਜਾਏਗੀ। ਏਸ ਟਾਹਲੀ ਨੂੰ ਜਾਣ ਦੇ। ਇੱਕ ਤਾਂ ਚੌਕ 'ਚ ਛਾਂ ਦੀ ਰੌਣਕ ਏ ਦੂਜਾ ਇਹ ਸਰਦਾਰ ਮੋਹਨ ਸਿੰਘ ਦੀ ਨਿਸ਼ਾਨੀ ਏ।"

ਪਰ ਉਹ ਨਾ ਮੰਨਿਆ। ਸ਼ੇਰ ਮੁਹੰਮਦ ਨੇ ਮੇਜਰ ਸਿਕੰਦਰ ਖਾਂ ਦੇ ਕਦਮਾਂ 'ਚ ਆਪਣੀ ਪੱਗ ਰੱਖ ਦਿੱਤੀ ਤੇ ਬੜੀਆਂ ਮਿੰਨਤਾਂ ਕੀਤੀਆਂ, "ਬਈ ਇਹ ਟਾਹਲੀ ਨੂੰ ਛੱਡ ਦੇ ਮੈਂ ਤੈਨੂੰ ਕਿਤੋਂ ਚੰਗੀ ਲੱਕੜ ਲੱਭ ਕੇ ਦਾਜ ਬਣਾ ਦਿਆਂਗਾ। ਇਹ ਟਾਹਲੀ ਸਰਦਾਰ ਮੋਹਨ ਸਿੰਘ ਦੀ ਨਿਸ਼ਾਨੀ ਏ।"

ਸਰਦਾਰ ਮੋਹਨ ਸਿੰਘ ਦਾ ਨਾਂ ਸੁਣ ਕੇ ਸਿਕੰਦਰ ਖਾਂ ਦੀ ਮੈਂ ਨੂੰ ਸੱਟ ਲੱਗ ਗਈ। ਉਹਨੇ ਆਖਿਆ, "ਪਿਛਲੇ ਵੀਹ ਸਾਲ ਤੋਂ ਮੈਂ ਏਸ ਚੌਕ ਦੀ ਟਾਹਲੀ ਤੇ ਹਵੇਲੀ ਦਾ ਮਾਲਿਕ ਆਂ, ਪਰ ਅਜੇ ਤੱਕ ਲੋਕਾਂ ਨੂੰ ਸਮਝ ਨਹੀਂ ਆਈ, ਲੋਕੀਂ ਇਹਨੂੰ ਅੱਜ ਵੀ ਮੋਹਨ ਸਿੰਘ ਦੀ ਮਲਕੀਅਤ ਸਮਝੀ ਜਾਂਦੇ ਨੇ। ਹੁਣ ਮੈਂ ਵੀ ਆਪਣੇ ਪਿਓ ਦਾ ਨਹੀਂ ਜੇ ਇਹ

ਟਾਹਲੀ ਨੂੰ ਨਾ ਵੱਡਾਂ, ਸ਼ੇਰ ਮੁਹੰਮਦ ਤੂੰ ਆਪਣੀ ਪੱਗ ਆਪਣੇ ਕੋਲੇ ਰੱਖ, ਇਥੇ ਮੈਂ ਇੱਕ ਦੀ ਬਜਾਏ ਪੰਜ ਟਾਹਲੀਆਂ ਹੋਰ ਲਾ ਦਿਆਂਗਾ।"

ਸ਼ੇਰ ਮੁਹੰਮਦ ਨੇ ਜਵਾਬ ਦਿੱਤਾ, "ਸਿਕੰਦਰ ਖਾਂ ਮੈਂ ਸਰਦਾਰ ਮੋਹਨ ਸਿੰਘ ਨਾਲ ਏਸ ਦਾ ਜ਼ਿੰਮਾ ਲਿਆ ਏ, ਇਹ ਟਾਹਲੀ ਵਢੀਂਦੀ ਮੈਂ ਤਾਂ ਅੱਖਾਂ ਨਾਲ ਨਹੀਂ ਵੇਖ ਸਕਦਾ।" ਸਿਕੰਦਰ ਖਾਂ ਸ਼ੇਰ ਮੁਹੰਮਦ ਦੀ ਗੱਲ ਸੁਣ ਕੇ ਹੱਸ ਪਿਆ ਤੇ ਆਖਿਆ, "ਜੇ ਮੈਂ ਟਾਹਲੀ ਵੱਡ ਦਿਆਂਗਾ ਤੇ ਤੂੰ ਕੀ ਫਾਹਾ ਲੈ ਲੇਂਗਾ? ਮੈਂ ਇਹੰਦਾ ਸੌਦਾ ਕਰ ਲਿਆ ਏ। ਕੱਲ੍ਹ ਸ਼ਹਿਰੋਂ ਇੱਕ ਮਿਸਤਰੀ ਇਹਨੂੰ ਵੱਢਣ ਆ ਰਿਹਾ ਏ।"

ਸ਼ੇਰ ਮੁਹੰਮਦ ਨੇ ਜਦੋਂ ਇਹ ਗੱਲ ਸੁਣੀ ਤਾਂ ਰੋ ਪਿੱਟ ਕੇ ਦੁਕਾਨ 'ਤੇ ਆ ਬੈਠਾ। ਉਸ ਦਿਨ ਉਹਨੇ ਈਸ਼ਾ ਵੇਲੇ ਤੱਕ ਕਿਸੇ ਨਾਲ ਗੱਲ ਨਾ ਕੀਤੀ, ਮੂੰਹ ਥੱਲੇ ਕਰ ਕੇ ਸੋਚੀਂ ਪਿਆ ਰਿਹਾ। ਅੱਜ ਨਾ ਤਾਂ ਭੱਠੀ ਦੀ ਅੱਗ ਨੂੰ ਗੇੜੇ ਦਿੱਤੇ, ਨਾ ਹੁੱਕੇ ਦੇ ਅੰਗਾਰਿਆਂ ਦਾ ਖ਼ਿਆਲ ਕੀਤਾ। ਚਿਲਮ ਦੀ ਅੱਗ ਪਹਿਲਾਂ ਕਾਲ਼ੀ ਹੋਈ ਤੇ ਫ਼ਿਰ ਸੁਆਹ ਬਣ ਗਈ। ਦੁਕਾਨ 'ਤੇ ਬਹਿਣ ਆਲਿਆਂ ਸ਼ੇਰ ਮੁਹੰਮਦ ਨੂੰ ਦਿਲਾਸਾ ਦੇਣਾ ਸ਼ੁਰੂ ਕਰ ਦਿੱਤਾ, ਬਈ ਕੋਈ ਗੱਲ ਨਹੀਂ, ਸਿਕੰਦਰ ਉਥੇ ਹੋਰ ਟਾਹਲੀਆਂ ਲਵਾਦੇਗਾ। ਬੰਦਾ ਜੀਂਦਾ ਰਹੇ ਤੇ ਟਾਹਲੀਆਂ ਲੱਗਦੀਆਂ ਰਹਿੰਦੀਆਂ ਨੇ। ਸ਼ੇਰ ਮੁਹੰਮਦ ਉਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ ਪਰ ਉਹਦਾ ਧਿਆਨ ਕਿਤੇ ਹੋਰ ਈ ਸੀ। ਉਹਨੇ ਆਖਿਆ, "ਮੇਰੇ ਭਰਾਉ! ਮੈਥੋਂ ਏਸ ਟਾਹਲੀ ਨੂੰ ਕੁਹਾੜਾ ਵੱਜਦਾ ਨਹੀਂ ਵੇਖਿਆ ਜਾਣਾ। ਜੇ ਸਿਕੰਦਰ ਖ਼ਾਂ ਨੇ ਇਹ ਫ਼ੈਸਲਾ ਕਰ ਈ ਲਿਆ ਏ ਤੇ ਮੈਂ ਵੀ ਇੱਕ ਫ਼ੈਸਲਾ ਕੀਤੀ ਬੈਠਾਂ।"

ਦੂਜੇ ਦਿਨ ਸਿਕੰਦਰ ਖਾਂ ਦੇ ਤਰਖਾਣ ਮੂੰਹ ਅਨ੍ਹੇਰੇ ਟਾਹਲੀ ਨੂੰ ਵੱਢਣ ਲਈ ਆਰੀਆਂ, ਕੁਹਾੜੇ ਲੈ ਕੇ ਅੱਪੜ ਗਏ। ਟਾਹਲੀ ਦਾ ਘੇਰ ਪੂਰੇ ਪੰਜ ਬੰਦਿਆਂ ਦੇ ਥੱਬੀਆਂ ਬਰਾਬਰ ਸੀ ਤੇ ਓਹਦੇ ਟਾਹਣੇ ਚੰਗੀਆਂ ਨਹਿਰੀ ਟਾਹਲੀਆਂ ਨੂੰ ਕੰਡ ਕਰਦੇ ਸਨ। ਤਰਖਾਣ ਰੱਸੇ ਤੇ ਆਰੇ ਮੁੱਢ ਨਾਲ਼ ਰੱਖ ਕੇ ਟਾਹਲੀ ਦਾ ਜਾਇਜ਼ਾ ਲੈਣ ਲੱਗ ਪਏ। ਉਸੇ ਵੇਲੇ ਇੱਕ ਤਰਖਾਣ ਦੀ ਨਜ਼ਰ ਇੱਕ ਟਾਹਣ 'ਤੇ ਪਈ। ਉਹ ਵੇਖ ਕੇ ਹੈਰਾਨ ਰਹਿ ਗਿਆ। ਟਾਹਲੀ ਦੇ ਟਾਹਣ ਨਾਲ ਕਿਸੇ ਦੀ ਲਾਸ਼ ਲਟਕੀ ਹੋਈ ਸੀ ਤੇ ਓਹਦੇ ਗੱਲ 'ਚ ਇਕ ਫੱਟੀ ਸੀ। ਲਾਸ਼ ਨੂੰ ਵੇਖ ਕੇ ਮਿਸਤਰੀ ਦੇ ਹੋਸ਼ ਉਡ ਗਏ। ਓਹਦੇ ਹੱਥੋਂ ਕੁਹਾੜਾ ਡਿੱਗ ਪਿਆ। ਇਸ ਤੋਂ ਬਾਅਦ ਇੱਕ ਪਲ ਵਿਚ ਸਾਰਾ ਪਿੰਡ ਟਾਹਲੀ ਥੱਲੇ ਜਮ੍ਹਾਂ ਹੋ ਗਿਆ। ਸਿਕੰਦਰ ਖਾਂ ਵੀ ਅੱਪੜ ਗਿਆ। ਸ਼ੇਰ ਮੁਹੰਮਦ ਦੇ ਗਲ ਵਿਚ ਰੱਸੀ ਦਾ ਫਾਹਾ ਸੀ ਤੇ ਉਹ ਟਾਹਣ ਨਾਲ ਇੱਕ ਲਗਰ ਵਾਂਗੂੰ ਝੂਟੇ ਲੈ ਰਿਹਾ ਸੀ। ਗਲ ਵਿਚ ਪਾਈ ਹੋਈ ਤਖ਼ਤੀ 'ਤੇ ਲਿਖਿਆ ਸੀ। ਮੈਂ ਸ਼ੇਰ ਮੁਹੰਮਦ ਲੁਹਾਰ ਏਸ ਟਾਹਲੀ ਦੀ ਇੱਕ ਟਹਿਣੀ ਆਂ। ਸੁਣਿਆ ਏ ਮਰਨ ਆਲੇ ਦੀ ਵਸੀਅਤ ਨੂੰ ਪੂਰਾ ਕਰਨਾ ਫ਼ਰਜ਼ ਏ। ਮੇਰੀ ਵਸੀਅਤ ਏ, ਜੇ ਸਿਕੰਦਰ ਖਾਂ ਨੇ ਟਾਹਲੀ ਵੱਢਣ ਦੀ ਜ਼ਿੱਦ ਪੂਰੀ ਕਰਨੀ ਹੈ ਤੇ ਉਹ ਮੇਰੇ ਜਿਸਮ ਦੀ ਟਹਿਣੀ 'ਤੇ ਵੀ ਆਰਾ ਫੇਰ ਦੇਵੇ। ਸ਼ਾਇਦ ਮੇਰੀ ਕੋਈ ਹੱਡੀ ਉਹਦੀ ਧੀ ਦੇ ਪਲੰਘ ਦਾ ਸੇਰੂ ਜਾਂ ਪਾਵਾ ਬਣ ਜਾਏ।

ਖ਼ਲਕਤ ਉੱਚੀਆਂ ਨਜ਼ਰਾਂ ਕਰ ਕੇ ਇਸ ਲਾਸ਼ ਨੂੰ ਵੇਖਦੀ ਰਹੀ ਤੇ ਅੱਖਾਂ 'ਚੋਂ ਅੱਥਰੂ ਡੇਗਦੀ ਰਹੀ। ਅਖ਼ੀਰ ਸਿਕੰਦਰ ਖਾਂ ਅੱਗੇ ਵਧਿਆ। ਉਹਨੇ ਆਵਦੇ ਨੌਕਰ ਨੂੰ ਆਖਿਆ, "ਸ਼ੇਰ ਮੁਹੰਮਦ ਦੀ ਲਾਸ਼ ਨੂੰ ਲਾਹ ਕੇ ਏਸ ਟਾਹਲੀ ਥੱਲੇ ਦਫ਼ਨ ਕਰ ਦਿਓ। ਅੱਜ ਤੋਂ ਬਾਅਦ ਟਾਹਲੀ ਨੂੰ ਪਾਣੀ ਦੇਣ ਦੀ ਡਿਊਟੀ ਮੇਰੇ ਜ਼ਿੰਮੇ ਰਹੀ। ਫ਼ਿਰ ਸ਼ੇਰ ਮੁਹੰਮਦ ਦਾ ਜਨਾਜ਼ਾ ਪੜ੍ਹਾ ਕੇ ਟਾਹਲੀ ਦੇ ਮੁੱਢ ਨਾਲ ਕਬਰ ਬਣਾ ਦਿੱਤੀ ਤੇ ਕਬਰ ਦੇ ਉੱਤੇ 'ਸ਼ੇਰ ਮੁਹੰਮਦ ਟਾਹਲੀ ਆਲਾ' ਲਿਖਾ ਦਿੱਤਾ।

ਮੈਂ ਅੱਜ ਏਸ ਕਬਰ 'ਤੇ ਫ਼ਾਤਿਹਾ ਪੜ੍ਹ ਕੇ ਬੜੀ ਦੇਰ ਸੋਚਦਾ ਰਿਹਾ ਆਂ, ਜਿਹੜੇ ਛਾਵਾਂ ਦੀ ਰਖਵਾਲੀ ਕਰਦੇ ਨੇ ਛਾਵਾਂ ਉਨ੍ਹਾਂ ਦੀਆਂ ਕਬਰਾਂ ਦੀ ਰਾਖੀ ਬਹਿ ਜਾਂਦੀਆਂ ਨੇ।

**– ਉਲੱਥਾ– ਤਾਹਿਰ ਸੰਧੂ**

**ਬਜ਼ਾਰ ਦਾ ਖਾਣਾ ਅਸ਼ੁੱਧ ਹੁੰਦਾ ਹੈ, ਫਿਰ ਕਿਉਂ ਖਾਧਾ ਜਾਏ ?**

# ਨਾਮਧਾਰੀ ਬਾਬਿਆਂ ਦੀ ਹਾਕੀ ਖੇਡ
## (ਸਰੀ ਦਾ ਟੂਰਨਾਮੈਂਟ)

**–ਜਸਬੀਰ ਸਰਾਂ ਕੈਨੇਡਾ**

2008 ਵਿੱਚ ਸਾਡੇ ਸੱਜਣਾਂ ਮਿੱਤਰਾਂ 'ਸਰੀ ਲਾਇਨਜ਼' ਵਾਲਿਆਂ ਨੇ ਰਲ ਕੇ ਇੱਕ ਵਧੀਆ ਹਾਕੀ ਟੂਰਨਾਮੈਂਟ ਕਰਵਾਉਣ ਦਾ ਸੋਚਿਆ। ਇਸ ਲਈ ਕਾਫੀ ਕੰਮ ਕਰਨ ਦੀ ਜ਼ਰੂਰਤ ਸੀ ਕਿਉਂਕਿ ਹਾਕੀ ਦਾ ਟੂਰਨਾਮੈਂਟ ਕੈਨੇਡਾ ਵਿੱਚ ਕਰਵਾਉਣਾ ਇੱਕ ਨਵੀਂ ਗੱਲ ਸੀ। ਕਿਉਂਕਿ ਇਸ ਤੋਂ ਪਹਿਲਾਂ ਸਿਰਫ ਤੇ ਸਿਰਫ ਕਬੱਡੀ ਦੇ ਟੂਰਨਾਮੈਂਟ ਹੀ ਹੁੰਦੇ ਸਨ। ਹਾਕੀ ਵੱਲ ਕਿਸੇ ਦਾ ਧਿਆਨ ਹੀ ਨਹੀਂ ਗਿਆ ਸੀ। ਸਾਡੀ ਸਰੀ ਲਆਇਨਜ਼ ਦੀ ਟੀਮ ਜਨਵਰੀ 2008 ਵਿੱਚ ਅਮਰੀਕਾ ਦੇ ਸ਼ਹਿਰ phoenix ਵਿਖੇ ਹਾਕੀ ਦਾ ਟੂਰਨਾਮੈਂਟ ਖੇਡਣ ਗਈ ਸੀ। ਸਬੱਬੀਂ ਨਾਮਧਾਰੀਆਂ ਦਾ ਇੱਕ ਖਿਡਾਰੀ ਅਨਮੋਲਕ ਸਿੰਘ (ਬਿੱਲਾ) ਵੀ ਉੱਥੇ ਸਿਕੰਦਰ ਸਿੰਘ ਹੁਰਾਂ ਨਾਲ ਪਹੁੰਚਿਆ ਸੀ। ਅਨਮੋਲਕ ਸਿੰਘ ਨੂੰ ਮੈਂ ਪਹਿਲਾਂ ਖੇਡਦਿਆਂ ਦਖਿਆ ਸੀ। ਉਸ ਟੂਰਨਾਮੈਂਟ ਵਿੱਚ ਅਨਮੋਲਕ ਸਿੰਘ ਸਾਡੀ ਟੀਮ ਵਲੋਂ ਬਹੁਤ ਵਧੀਆ ਖੇਡਿਆ। ਅਸੀਂ ਉਸ ਨਾਲ ਵੀ ਕੈਨੇਡਾ ਟੂਰਨਾਮੈਂਟ ਕਰਵਾਉਣ ਬਾਰੇ ਗੱਲ ਕੀਤੀ। ਉਹ ਕਹਿੰਦਾ ਕੋਈ ਗੱਲ ਨਹੀਂ, ਦੱਸਿਓ ਜਦੋਂ ਕਰਵਾਉਣਾ ਹੋਇਆ ਆਪਾਂ ਜ਼ਰੂਰ ਆਵਾਂਗੇ।

ਅਸੀਂ 2008 ਦੇ ਅੱਧ ਵਿੱਚ ਅਨਮੋਲਕ ਸਿੰਘ ਤੇ ਸ਼ੇਰ ਸਿੰਘ ਨੂੰ ਸਪਾਂਸਰਸ਼ਿਪ ਭੇਜੀ। ਉਹ ਦੋਵੇਂ ਹੀ 2008 ਦਾ ਕੈਲੀਫੋਰਨੀਆ ਕੱਪ (ਅਮਰੀਕਾ) ਜਿੱਤਣ ਤੋਂ ਬਾਅਦ ਸਾਡੇ ਕੋਲ ਸਰੀ ਆਏ। ਅਸੀਂ ਸਾਰੇ ਕਲੱਬ ਮੈਂਬਰਾਂ ਨੇ ਮੀਟਿੰਗ ਕਰਨ ਤੋਂ ਬਾਅਦ ਟੂਰਨਾਮੈਂਟ ਦੀ ਰੂਪਰੇਖਾ ਤਿਆਰ ਕੀਤੀ। ਵੱਖ-ਵੱਖ ਅਦਾਰਿਆਂ, ਪਰਿਵਾਰਾਂ, ਵਪਾਰਾਂ ਤੇ ਪੁਰਾਣੇ ਖਿਡਾਰੀਆਂ ਨੂੰ ਮਦਦ ਲਈ ਪ੍ਰੇਰਿਆ ਗਿਆ। ਸਾਡੀ ਸਾਰਿਆਂ ਦੀ ਮਿਹਨਤ ਰੰਗ ਲਿਆਈ। ਅਸੀਂ ਲੋੜ ਕੁ ਜੋਗੇ ਡਾਲਰ ਟੂਰਨਾਮੈਂਟ ਕਰਵਾਉਣ ਲਈ ਇਕੱਠੇ ਕਰ ਲਏ। ਟੂਰਨਾਮੈਂਟ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਸਾਰੇ ਮੈਂਬਰਾਂ ਨੇ ਆਪਣੇ ਕੰਮ ਤੇ ਜਾਣਾ ਜਾਂ ਤਾਂ ਘੱਟ ਕਰ ਦਿੱਤਾ ਜਾਂ ਬੰਦ ਹੀ ਕਰ ਦਿੱਤਾ ਕਿਉਂਕਿ ਏਡਾ ਵੱਡਾ ਟੂਰਨਾਮੈਂਟ ਮੈਂਬਰਾਂ ਦੀ ਮਿਹਨਤ ਨਾਲ ਹੀ ਸਿਰੇ ਚੜ੍ਹ ਸਕਦਾ ਸੀ।

ਅਮਰੀਕਾ, ਮੈਕਸੀਕੋ, ਪੂਰੇ ਕੈਨੇਡਾ ਤੋਂ ਵਧੀਆ ਹਾਕੀ ਟੀਮਾਂ ਨੂੰ ਸੱਦੇ ਭੇਜੇ ਗਏ। ਅਮਰੀਕਾ ਤੋਂ Freemont LA Tigers, Sacramento, Sanjose Khalsa, Phoenix Scorpians ਆਦਿ ਟੀਮਾਂ ਨੇ ਟੂਰਨਾਮੈਂਟ ਵਿੱਚ ਹਾਜ਼ਰੀ ਦੀ ਹਾਮੀ ਭਰੀ। ਇੱਕ ਕਲੱਬ ਮੈਕਸੀਕੋ ਤੋਂ ਵੀ ਤਿਆਰ ਹੋ ਗਿਆ। ਟੋਰਾਂਟੋ ਤੋਂ ਵੀ ਦੋ ਟੀਮਾਂ ਨੇ ਕਮਰਕੱਸੇ ਕੱਸ ਲਏ। ਸਰੀ ਤੋਂ ਵੀ ਦੋ ਤਿੰਨ ਟੀਮਾਂ ਤਿਆਰ ਸਨ। ਇਹਨਾਂ ਟੀਮਾਂ ਵਿੱਚ ਕਈ ਅੰਤਰਰਾਸ਼ਟਰੀ ਖਿਡਾਰੀ ਵੀ ਸਾਡੇ ਟੂਰਨਾਮੈਂਟ ਤੇ ਆ ਰਹੇ ਸਨ। ਅਸੀਂ ਅਖ਼ਬਾਰਾਂ, ਰੇਡੀਓ ਤੇ ਜਾ ਕੇ ਵੀ ਲੋਕਾਂ ਨੂੰ ਟੂਰਨਾਮੈਂਟ ਤੇ ਆਉਣ ਲਈ ਅਪੀਲ ਕੀਤੀ। ਸਾਰੇ ਮੈਂਬਰਾਂ ਨੂੰ ਵਿਆਹ ਜਿੰਨਾ ਚਾਅ ਸੀ ਟੂਰਨਾਮੈਂਟ ਦਾ। ਸ. ਪਰਗਟ ਸਿੰਘ (ਹਾਕੀ ਉਲੰਪੀਅਨ) ਹੁਰਾਂ ਨੂੰ ਭਾਰਤ ਤੋਂ ਵਿਸ਼ੇਸ਼ ਤੌਰ ਤੇ ਮੁੱਖ ਮਹਿਮਾਨ ਵਜੋਂ ਆਉਣ ਦਾ ਸੱਦਾ ਦਿੱਤਾ ਗਿਆ, ਜੋ ਕਿ ਉਨ੍ਹਾਂ ਨੇ ਖਿੜ੍ਹੇ ਮੱਥੇ ਪ੍ਰਵਾਨ ਕਰ ਲਿਆ। ਸਾਰਾ ਸਟੇਡੀਅਮ ਬਹੁਤ ਵਧੀਆ ਤਰੀਕੇ ਨਾਲ ਸਜਾ ਦਿੱਤਾ ਗਿਆ।

ਟੂਰਨਾਮੈਂਟ ਦਾ ਰਸਮੀ ਉਦਘਾਟਨ ਮੈਚ freemont ਦੀ ਟੀਮ ਤੇ Burn by ਦੀ ਟੀਮ ਵਿਚਕਾਰ ਹੋਇਆ। Freemont ਵੱਲੋਂ 4 ਨਾਮਧਾਰੀ ਖਿਡਾਰੀ ਸਰਦਾਰ ਸਿੰਘ (ਭਾਰਤੀ ਕਪਤਾਨ) ਸ਼ੇਰ ਸਿੰਘ, ਅਨਮੋਲਕ ਸਿੰਘ, ਤੇ ਜਸਵੇਦ ਸਿੰਘ ਖੇਡ ਰਹੇ ਸਨ। ਨਾਮਧਾਰੀ ਖਿਡਾਰੀਆਂ ਦੀ ਖੇਡ ਬਹੁਤ ਹੀ ਸ਼ਲਾਘਾਯੋਗ ਸੀ, ਵਿਸ਼ੇਸ਼ ਕਰਕੇ ਬਜ਼ੁਰਗਾਂ ਨੇ ਇਨ੍ਹਾਂ ਦੀ ਖੇਡ ਨੂੰ ਬਹੁਤ ਸਲਾਹਿਆ। ਅਖੀਰ ਨਾਮਧਾਰੀ ਖਿਡਾਰੀਆਂ ਨਾਲ ਸਜੀ ਫਰੀਮੌਂਟ ਦੀ ਟੀਮ ਟੂਰਨਾਮੈਂਟ ਜਿੱਤ ਗਈ। ਫਾਈਨਲ ਮੈਚ ਯੂਨਾਈਟਿਡ ਬ੍ਰਦਰਜ਼ ਦੀ ਟੀਮ ਨਾਲ ਬਹੁਤ ਹੀ ਆਹਲਾ ਦਰਜੇ ਦਾ ਹੋਇਆ, ਜਿਸ ਵਿੱਚ ਭਾਰਤ ਵਲੋਂ ਖੇਡੇ ਕਈ ਪੁਰਾਣੇ ਅੰਤਰਰਾਸ਼ਟਰੀ ਖਿਡਾਰੀ ਖੇਡ ਰਹੇ ਸਨ। ਇਸ ਤਰ੍ਹਾਂ 2008 ਦਾ ਸਾਡਾ ਤੇ ਪੂਰੇ ਕੈਨੇਡਾ ਦਾ ਪਹਿਲਾ ਅੰਤਰਰਾਸ਼ਟੀ ਹਾਕੀ ਟੂਰਨਾਮੈਂਟ ਅਮਿੱਟ ਯਾਦਾਂ ਛੱਡਦਾ ਹੋਇਆ ਸਾਨੂੰ ਅਗਲੇ ਸਾਲ ਹੋਰ ਵਧੀਆ ਟੂਰਨਾਮੈਂਟ ਕਰਨ ਲਈ ਪ੍ਰੇਰਨਾ ਕਰ ਸਮਾਪਤ ਹੋ ਗਿਆ।

ਸਾਰੇ ਕਲੱਬ ਮੈਂਬਰਾਂ ਨੇ 2009 ਦੇ ਟੂਰਨਾਮੈਂਟ ਵਿੱਚ ਹੋਰ ਵੀ ਵਧੀਆ ਟੀਮਾਂ ਦਾ ਪ੍ਰਬੰਧ ਕਰਨ ਦੀ ਵਿਉਂਤਬੰਦੀ ਕੀਤੀ। ਇਸ ਵਿੱਚ ਸਭ ਤੋਂ ਪਹਿਲਾ ਕੰਮ ਦਰਸ਼ਕਾਂ ਦੀ



ਸਾਡੀ ਇਹ ਇੱਛਾ ਠਾਕੁਰ ਉਦੇ ਸਿੰਘ ਮੌਜੂਦਾ ਮੁਖੀ ਨਾਮਧਾਰੀ ਸੰਪ੍ਰਦਾਇ (ਸ੍ਰੀ ਸਤਿਗੁਰੂ ਉਦੇ ਸਿੰਘ ਜੀ) ਨੂੰ ਅਰਜ਼ ਕਰਨ ਤੋਂ ਬਾਅਦ ਪ੍ਰਵਾਨ ਹੋਈ।

ਸਾਲ 2009 ਵਿੱਚ ਜਰਮਨੀ ਤੋਂ ਇੱਕ ਕਲੱਬ, ਅਰਜਨਟੀਨਾ ਤੋਂ ਇੱਕ ਕਲੱਬ, ਤਿੰਨ ਟੀਮਾਂ ਅਮਰੀਕਾ ਤੋਂ ਤੇ ਚਾਰ ਟੀਮਾਂ ਕੈਨੇਡਾ ਤੋਂ ਇਨ੍ਹਾਂ ਤੋਂ ਇਲਾਵਾ ਟੂਰਨਾਮੈਂਟ ਦੀ ਸਭ ਤੋਂ ਚਰਚਿਤ, "ਨਾਮਧਾਰੀ ਬਾਬਿਆਂ ਦੀ ਟੀਮ' ਵੀ ਆਪਣੀ ਰਵਾਇਤੀ ਪੁਸ਼ਾਕ ਦਸਤਾਰ ਤੇ ਕਛਹਿਰਿਆਂ ਵਿੱਚ ਸਜੀ ਪਹੁੰਚ ਗਈ। ਸਾਰੀਆਂ ਟੀਮਾਂ ਦਾ ਪ੍ਰਬੰਧ Holiday in Express ਹੋਟਲ ਵਿੱਚ ਕੀਤਾ ਗਿਆ। ਪਰ ਨਾਮਧਾਰੀ ਟੀਮ ਦਾ ਸਾਰਾ ਪ੍ਰਬੰਧ ਸੂਬਾ ਬਲਬੀਰ ਸਿੰਘ ਤੇ ਸੁਰਿੰਦਰ ਸਿੰਘ ਕੰਗ ਦੀ ਅਗਵਾਈ ਹੇਠ ਨਾਮਧਾਰੀ ਸੰਗਤ ਵੈਨਕੂਵਰ ਕੈਨੇਡਾ ਨੇ ਕੀਤਾ। ਟੂਰਨਾਮੈਂਟ ਤੋਂ 15 ਕੁ ਮਿੰਟ ਪਹਿਲਾਂ ਸਾਰੀ ਟੀਮ ਪਹੁੰਚ ਗਈ ਸੀ। ਉੱਥੇ ਕੈਨੇਡਾ ਦੀ ਨੈਸ਼ਨਲ ਟੀਮ ਦਾ Pan-Am Games ਵਾਸਤੇ ਕੈਂਪ ਲੱਗਿਆ ਹੋਇਆ ਸੀ। ਅਸੀਂ ਕੈਨੇਡਾ ਦੀ ਟੀਮ ਦਾ ਇੱਕ ਮੈਚ ਨਾਮਧਾਰੀ ਟੀਮ ਨਾਲ ਰੱਖ ਲਿਆ। ਦਰਸ਼ਕਾਂ ਵਿੱਚ ਕਾਫੀ ਉਤਸ਼ਾਹ ਸੀ। ਕੈਨੇਡਾ ਦੀ ਟੀਮ ਪਿਛਲੇ ਇੱਕ ਮਹੀਨੇ ਤੋਂ ਲਗਾਤਾਰ ਅਭਿਆਸ ਕਰ ਰਹੀ ਸੀ ਤੇ ਨਾਮਧਾਰੀ ਖਿਡਾਰੀ ਸਿੱਧੇ ਹੀ ਮੈਦਾਨ ਵਿੱਚ ਮੈਚ ਖੇਡਣ ਹਾਜ਼ਰ ਹੋ ਗਏ ਸਨ। ਕੈਨੇਡਾ ਦੀ ਟੀਮ ਨੇ ਵਧੀਆ ਖੇਡ ਦਿਖਾਉਂਦੇ ਹੋਏ ਨਾਮਧਾਰੀ ਟੀਮ ਨੂੰ 5-3 ਨਾਲ ਹਰਾਇਆ ਸੀ। ਨਾਮਧਾਰੀ ਖਿਡਾਰੀਆਂ ਨੇ ਇਸ ਤੋਂ ਬਾਅਦ ਟੂਰਨਾਮੈਂਟ ਦੀ ਤਿਆਰੀ ਹੋਰ ਚੰਗੀ ਤਰ੍ਹਾਂ ਸ਼ੁਰੂ ਕਰ ਦਿੱਤੀ ਕਿਉਂਕਿ ਨਾਮਧਾਰੀ ਟੀਮ ਦੀ ਆਪਣੀ ਇੱਕ Reputation ਹੈ। ਲਗਾਤਾਰ ਇੱਕ ਹਫਤਾ ਦੋਵੇਂ ਟਾਈਮ ਖਿਡਾਰੀਆਂ ਦੀ ਸਖ਼ਤ ਮਿਹਨਤ ਟੂਰਨਾਮੈਂਟ ਵਿੱਚ ਸਾਫ਼ ਦਿਸਦੀ ਸੀ।

ਟੂਰਨਾਮੈਂਟ ਸ਼ੁਰੂ ਹੋਣ ਤੋਂ ਪਹਿਲਾਂ ਸੂਬਾ ਬਲਬੀਰ ਸਿੰਘ, ਸੁਰਿੰਦਰ ਕੰਗ, ਸੁਰਿੰਦਰ ਹੇਅਰ, ਦਾਰਾ ਹੇਅਰ ਕਈ ਰੇਡੀਓ ਪ੍ਰੋਗਰਾਮਾਂ ਵਿੱਚ ਵੀ ਹਾਜ਼ਰ ਹੋ ਕੇ ਟੂਰਨਾਮੈਂਟ ਬਾਰੇ ਜਾਣਕਾਰੀ ਦਿੰਦੇ ਰਹੇ। ਇਸ ਵਾਰ ਅਸੀਂ ਮੁੱਖ ਮਹਿਮਾਨ ਵਜੋਂ ਸ. ਬਲਬੀਰ ਸਿੰਘ (ਉਲੰਪੀਅਨ) ਤੇ ਧਨਰਾਜ ਪਿੱਲੇ ਨੂੰ ਬੇਨਤੀ ਕੀਤੀ ਸੀ, ਜਿਨ੍ਹਾਂ ਨੇ ਸਾਡੀ ਬੇਨਤੀ ਪ੍ਰਵਾਨ ਕਰਕੇ ਟੂਰਨਾਮੈਂਟ 'ਤੇ ਆਉਣ ਦੀ ਹਾਮੀ ਭਰੀ। ਹਾਕੀ ਸਟੇਡੀਅਮ ਦਾ ਐਡਰੈੱਸ -126th street, 64 Avenue Surrey BC 'ਤੇ ਸਥਿਤ Tamanawis Park ਹੈ। ਟੂਰਨਾਮੈਂਟ ਵਿੱਚ Super (men) section ਤੋਂ ਬਿਨਾਂ Social ਟੀਮਾਂ ਦੇ ਮੁਕਾਬਲੇ ਵੀ ਰੱਖੇ ਗਏ ਸਨ। ਰਸਮੀ ਉਦਘਾਟਨ ਤੋਂ ਬਾਅਦ

ਪਹਿਲਾ ਮੈਚ ਸ਼ੁਰੂ ਹੋਇਆ ਜੋ ਕਿ ਸਫੈਦ ਪੁਸ਼ਾਕਾਂ ਵਿੱਚ ਹਾਜ਼ਰ ਨਾਮਧਾਰੀ ਹਾਕੀ ਟੀਮ ਤੇ ਖਾਲਸ ਪੱਛਮੀ ਮੂਲ ਦੇ ਗੋਰਿਆਂ ਨਾਲ ਸਜੀ Vancouver Hawks ਵਿਚਕਾਰ ਸ਼ੁਰੂ ਹੋਇਆ। ਨਾਮਧਾਰੀ ਖਿਡਾਰੀਆਂ ਨੇ ਸ਼ੁਰੂ ਤੋਂ ਹੀ ਹਮਲਾਵਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਹੋਇਆਂ ਇਹ ਮੁਕਾਬਲਾ 4-1 ਨਾਲ ਜਿੱਤਿਆ, ਜਿਸ ਵਿੱਚ ਟੀਮ ਵਲੋਂ ਕਰਮਜੀਤ ਸਿੰਘ, ਗੁਰਵਿੰਦਰ ਸਿੰਘ, ਸ਼ੇਰ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਇੱਕ-ਇੱਕ ਗੋਲ ਕੀਤੇ। ਨਾਮਧਾਰੀ ਟੀਮ ਦੇ ਮੈਚਾਂ ਵਿੱਚ ਨਾਮਧਾਰੀ ਸੰਗਤ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਦਰਸ਼ਕ ਮੌਜੂਦ ਹੁੰਦੇ ਸਨ। ਨਾਮਧਾਰੀਆਂ ਦੇ ਮੈਚ ਵਿੱਚ ਸਭ ਤੋਂ ਜ਼ਿਆਦਾ ਭੀੜ ਹੁੰਦੀ ਸੀ। ਟੂਰਨਾਮੈਂਟ ਤਿੰਨ ਦਿਨਾਂ ਦਾ ਸੀ ਤੇ ਤਿੰਨੇ ਦਿਨ ਸਰੀ ਗੁਰਦੁਆਰੇ ਵੱਲੋਂ ਤਿੰਨ ਟਾਈਮ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

ਨਾਮਧਾਰੀ ਟੀਮ ਦਾ ਦੂਸਰਾ ਮੈਚ *Surrey Sharks* ਟੀਮ ਨਾਲ ਹੋਇਆ, ਜਿਸ ਵਿੱਚ ਪਹਿਲੇ ਅੱਧ ਵਿੱਚ ਗੁਰਸੇਵ ਸਿੰਘ ਦੇ ਗੋਲ ਦੀ ਬਦੌਲਤ ਟੀਮ ਇੱਕ ਗੋਲ ਨਾਲ ਜਿੱਤ ਰਹੀ ਸੀ। ਫਿਰ ਦੂਸਰੇ ਅੱਧ ਵਿੱਚ ਨਾਮਧਾਰੀ ਖਿਡਾਰੀਆਂ ਨੇ ਅੱਗੜ-ਪਿੱਛੜ ਤਿੰਨ ਗੋਲ ਕਰਕੇ ਮੈਚ 4-0 ਨਾਲ ਜਿੱਤਿਆ। ਇਹ ਗੋਲ ਸ਼ੇਰ ਸਿੰਘ, ਗੁਰਵਿੰਦਰ ਤੇ ਕਰਮਜੀਤ ਸਿੰਘ ਨੇ ਕੀਤੇ। ਬਜ਼ੁਰਗ ਨਾਮਧਾਰੀ ਟੀਮ ਦੀ ਖੇਡ ਦੀ ਖਾਸ ਪ੍ਰਸੰਸਾ ਕਰ ਰਹੇ ਸਨ, ਤੇ ਉਨ੍ਹਾਂ ਨੂੰ ਚਿੱਟੀਆਂ ਦਸਤਾਰਾਂ ਤੇ ਕਛਹਿਰਿਆਂ ਵਿੱਚ ਖੇਡਦਿਆਂ ਵੇਖ ਕੇ, ਪੂਰੀ ਸਿੱਖੀ ਮਰਯਾਦਾ ਵਿੱਚ ਹੋਣ ਕਰਕੇ ਹੈਰਾਨ ਵੀ ਹੋ ਰਹੇ ਸਨ।

ਨਾਮਧਾਰੀ ਸੰਗਤ ਸਾਡਾ ਪਹਿਲਾਂ ਵੀ ਬਹੁਤ ਸਹਿਯੋਗ ਦਿੰਦੀ ਸੀ ਪਰ ਇਸ ਵਾਰ ਨਾਮਧਾਰੀ ਹਾਕੀ ਟੀਮ ਆਉਣ ਕਰਕੇ ਉਹ ਹਰ ਤਰ੍ਹਾਂ ਨਾਲ ਸਾਡੀ ਮਦਦ ਲਈ ਤਿਆਰ ਰਹਿੰਦੇ ਸਨ। ਜਿਨ੍ਹਾਂ ਵਿੱਚ ਸੂਬਾ ਬਲਬੀਰ ਸਿੰਘ, ਸੁਰਿੰਦਰ ਕੰਗ, ਕੰਵਲਜੀਤ ਸਿੰਘ, ਭਵਰਾਜ ਸਿੰਘ ਨਿੱਝਰ ਆਦਿ ਦਾ ਜ਼ਿਕਰ ਵਰਣਨਯੋਗ ਹੈ। ਨਾਮਧਾਰੀ ਟੀਮ ਤੋਂ ਇਲਾਵਾ LA Tigers ਤੇ ਯੂਨਾਈਟਡ ਬ੍ਰਦਰਜ਼ ਦੀ ਟੀਮ ਵੀ ਟੂਰਨਾਮੈਂਟ ਵਿੱਚ ਲਗਾਤਾਰ ਮੈਚ ਜਿੱਤਦੀ ਹੋਈ ਅੱਗੇ ਵਧ ਰਹੀ ਸੀ। ਧਨਰਾਜ ਪਿੱਲੇ ਤੇ ਸ. ਬਲਬੀਰ ਸਿੰਘ ਸਮੇਂ-ਸਮੇਂ ਛੋਟੇ ਬੱਚਿਆਂ ਨਾਲ ਆਪਣਾ Experience Share ਕਰ ਰਹੇ ਸਨ। ਪੁਰਾਣੇ ਹਾਕੀ ਖਿਡਾਰੀ ਨਾਮਧਾਰੀ ਟੀਮ ਦੀ ਖੇਡ ਦੀ ਵਿਸ਼ੇਸ਼ ਸ਼ਲਾਘਾ ਕਰ ਰਹੇ ਸਨ।

ਤੀਸਰੇ ਮੈਚ ਵਿੱਚ ਨਾਮਧਾਰੀਆਂ ਨੇ Toronto lions ਦੀ ਟੀਮ ਨੂੰ ਇੱਕ ਪਾਸੜ ਮੁਕਾਬਲੇ ਵਿੱਚ 8-0 ਨਾਲ ਹਰਾਇਆ, ਜਿਸ ਵਿੱਚ ਗੁਰਪ੍ਰੀਤ ਸਿੰਘ ਨੇ ਦੋ, ਗੁਰਵਿੰਦਰ, ਸ਼ੇਰ, ਗੁਰਚਰਨ, ਹਰਵਿੰਦਰ, ਗੁਰਸੇਵ ਤੇ ਕਰਮਜੀਤ ਸਿੰਘ ਨੇ ਇੱਕ ਇੱਕ ਗੋਲ ਕੀਤਾ। ਨਾਮਧਾਰੀ ਟੀਮ ਨੇ ਆਪਣੇ ਚੌਥੇ ਮੈਚ ਵਿੱਚ ਐਡਮਿੰਟਨ ਦੀ ਟੀਮ ਨੂੰ 2-0 ਨਾਲ ਹਰਾ ਕੇ ਸੈਮੀਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ। ਇਸ ਮੈਚ ਵਿੱਚ ਵਿਸ਼ੇਸ਼ ਕਰਕੇ ਧਨਰਾਜ ਪਿੱਲੇ ਨਾਮਧਾਰੀ ਟੀਮ ਵਲੋਂ ਮੈਦਾਨ ਵਿੱਚ ਖੇਡਿਆ ਤੇ ਵਧੀਆ ਪ੍ਰਦਰਸ਼ਨ ਕੀਤਾ। ਇਸ ਮੈਚ ਵਿੱਚ ਗੋਲ ਅਨਮੋਲਕ ਸਿੰਘ ਤੇ ਜਸਵੇਦ ਸਿੰਘ ਨੇ ਕੀਤੇ।

ਤੀਸਰੇ ਦਿਨ ਸਵੇਰ ਦੇ ਟਾਈਮ, ਨਾਮਧਾਰੀ ਟੀਮ ਦਾ ਪਹਿਲੇ ਸੈਮੀਫਾਈਨਲ ਵਿੱਚ LA Tigers ਨਾਲ ਮੁਕਾਬਲਾ ਸ਼ੁਰੂ ਹੋਇਆ। ਪਹਿਲਾ ਹਾਫ ਵਿੱਚ ਦੋਵਾਂ ਟੀਮਾਂ ਵਲੋਂ ਸੁਸਤ ਖੇਡ ਦਾ ਪ੍ਰਦਰਸ਼ਨ ਕੀਤਾ ਗਿਆ। ਮੈਚ ਦੇ 40ਵੇਂ ਮਿੰਟ ਵਿੱਚ *LA Tigers* ਨੇ ਪੈਲਨਟੀ ਕਾਰਨਰ ਤੇ ਨਾਮਧਾਰੀਆਂ ਸਿਰ ਇੱਕ ਗੋਲ ਕਰ ਦਿੱਤਾ। ਇਸ ਤੋਂ ਬਾਅਦ ਨਾਮਧਾਰੀ ਖਿਡਾਰੀਆਂ ਨੇ ਤੇਜ਼ੀ ਫੜ੍ਹੀ ਤੇ 47 ਵੇਂ, 52 ਵੇਂ, 57 ਵੇਂ ਤੇ 66ਵੇਂ ਮਿੰਟ ਵਿੱਚ ਚਾਰ ਗੋਲ ਗੁਰਚਰਨ ਸਿੰਘ, ਸ਼ੇਰ ਸਿੰਘ, ਅਜਮੇਰ ਸਿੰਘ ਤੇ ਅਨਮੋਲਕ ਸਿੰਘ ਵੱਲੋਂ ਕੀਤੇ ਗਏ। ਜਿਸ ਨਾਲ ਨਾਮਧਰੀ ਟੀਮ 4-1 ਨਾਲ ਪਹਿਲਾ ਸੈਮੀਫਾਈਨਲ ਜਿੱਤ ਕੇ ਫਾਈਨਲ ਵਿੱਚ ਪਹੁੰਚਣ ਵਾਲੀ ਪਹਿਲੀ ਟੀਮ ਬਣ ਗਈ।

ਦੂਸਰੇ ਸੈਮੀਫਾਈਨਲ ਵਿੱਚ ਸਾਬਕਾ ਅੰਤਰਰਾਸ਼ਟਰੀ ਖਿਡਾਰੀਆਂ ਨਾਲ ਸਜੀ ਯੂਨਾਈਟਡ ਬ੍ਰਦਰਜ਼ ਦੀ ਟੀਮ ਨੇ Mexico ਦੇ ਕਲੱਬ ਨੂੰ 3-2 ਨਾਲ ਬਹੁਤ ਹੀ ਸੰਘਰਸ਼ਪੂਰਨ ਮੁਕਾਬਲੇ ਵਿੱਚ ਮਾਤ ਦੇ ਕੇ ਨਾਮਧਾਰੀਆਂ ਨਾਲ ਫਾਈਨਲ ਵਿੱਚ ਜਗ੍ਹਾ ਪੱਕੀ ਕੀਤੀ।

ਨਾਮਧਾਰੀ ਟੀਮ ਦੀ ਖੇਡ ਵੇਖਣ ਲਈ ਲੋਕ ਵਿਸ਼ੇਸ਼ ਤੌਰ ਤੇ ਕੰਮ ਛੱਡ-ਛੱਡ ਪਹੁੰਚਦੇ ਨੇ। ਸਾਡੇ ਸਕਿਉਰਟੀ ਵਾਲੇ ਤੇ ਬੱਸ ਚਲਾਉਣ ਵਾਲੇ ਵਲੰਟੀਅਰ ਅਕਸਰ ਸਾਨੂੰ ਇਹ ਗੱਲ ਕਹਿੰਦੇ ਕਿ ਪਲੀਜ਼ ਸਾਥੋਂ ਭਾਵੇਂ ਸਾਰਾ ਦਿਨ ਕੰਮ ਕਰਵਾਈ ਚੱਲੋ, ਪਰ ਜਦੋਂ ਬਾਬਿਆਂ ਦੀ ਟੀਮ ਦਾ ਮੈਚ ਹੋਵੇ, ਉਦੋਂ ਸਾਨੂੰ ਮੈਚ ਵੇਖ ਲੈਣ ਦਾ ਟਾਈਮ ਦੇ ਦਿਓ ਕਿਉਂਕਿ ਬਾਬਿਆਂ ਦੀ ਖੇਡ ਦਾ ਆਪਣਾ ਹੀ ਮਜ਼ਾ ਹੈ।

ਟੂਰਨਾਮੈਂਟ ਦੇ ਆਖਰੀ ਦਿਨ ਸ਼ਾਮ ਨੂੰ ਜਿਵੇਂ ਦਰਸ਼ਕਾਂ ਦਾ ਹੜ੍ਹ ਹੀ ਫਾਈਨਲ ਵੇਖਣ ਆ ਗਿਆ ਹੋਵੇ। ਸਾਡੇ ਸਾਰੇ ਪ੍ਰਬੰਧ ਥੋੜ੍ਹੇ ਪੈ ਗਏ ਸਨ। ਫਾਈਨਲ ਮੈਚ ਸ਼ੁਰੂ ਹੁੰਦਿਆਂ ਹੀ ਦੋਵੇਂ ਪਾਸਿਓਂ ਤੇਜ਼ ਤਰਾਰ ਹਮਲੇ ਸ਼ੁਰੂ ਹੋ ਗਏ। ਯੂਨਾਈਟਡ ਬ੍ਰਦਰਜ਼ ਵਲੋਂ ਕੈਨੇਡੀਅਨ ਉਲੰਪੀਅਨ ਗੱਬਰ ਸਿੰਘ ਤੋਂ ਇਲਾਵਾ ਰਵੀ ਅਗਨੀਹੋਤਰੀ, ਗੁਰਿੰਦਰ ਸਿੰਘ,

ਬਿੱਲਾ, ਮਾਲੜੀ ਆਦਿ ਖੇਡ ਰਹੇ ਸਨ। ਫਾਈਨਲ ਦਾ ਪਹਿਲਾ ਗੋਲ ਸ਼ੇਰ ਸਿੰਘ ਦੇ ਬਹੁਤ ਹੀ ਖੂਬਸੂਰਤ ਪਾਸ ਤੇ ਕਰਮਜੀਤ ਸਿੰਘ ਨੇ ਕੀਤਾ। ਨਾਮਧਾਰੀ ਟੀਮ ਅਜੇ ਗੋਲ ਕਰਕੇ ਵਾਪਸ ਪਰਤੀ ਹੀ ਸੀ ਕਿ ਯੂਨਾਈਟਡ ਬ੍ਰਦਰਜ਼ ਦੀ ਟੀਮ ਨੂੰ ਇੱਕ ਪੈਲਨਟੀ ਕਾਰਨਰ ਮਿਲ ਗਿਆ, ਜਿਸ ਨੂੰ ਗੱਬਰ ਸਿੰਘ ਨੇ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਗੋਲ ਵਿੱਚ ਬਦਲ ਕੇ ਮੈਚ ਨੂੰ ਬਰਾਬਰੀ ਤੇ ਲੈ ਆਂਦਾ। ਮੈਚ ਵਿੱਚ ਦੋਵੇਂ ਟੀਮਾਂ ਬਹੁਤ ਹੀ ਤੇਜ਼ ਤਰਾਰ ਮਾਡਰਨ ਹਾਕੀ ਦਾ ਨਮੂਨਾ ਪੇਸ਼ ਕਰ ਰਹੀਆਂ ਸਨ। ਮੈਚ ਦੇ 28ਵੇਂ ਮਿੰਟ ਵਿੱਚ ਨਾਮਧਾਰੀ ਟੀਮ ਨੂੰ ਮਿਲੇ ਤੀਸਰੇ ਪੈਲਨਟੀ ਕਾਰਨਰ ਤੇ ਗੁਰਵਿੰਦਰ ਸਿੰਘ ਨੇ ਗੋਲ ਕਰਕੇ ਨਾਮਧਾਰੀ ਟੀਮ ਨੂੰ 2-1 ਨਾਲ ਅੱਗੇ ਕਰ ਦਿੱਤਾ। ਨਾਮਧਾਰੀ ਸੰਗਤ ਤੇ ਸਾਰੇ ਦਰਸ਼ਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਕਿਉਂਕਿ ਨਾਮਧਾਰੀ ਟੀਮ ਦਰਸ਼ਕਾਂ ਦੀ ਮਨਪਸੰਦ ਟੀਮ ਸੀ। ਪਰ ਪਹਿਲੇ ਹਾਫ ਦੇ ਆਖਰੀ ਮਿੰਟ ਵਿੱਚ ਯੂਨਾਈਟਡ ਬ੍ਰਦਰਜ਼ ਦੀ ਟੀਮ ਨੇ ਅੰਤਰ ਰਾਸ਼ਟਰੀ ਖਿਡਾਰੀ ਰਵੀ ਅਗਨੀਹੋਤਰੀ ਦੇ ਬਹੁਤ ਹੀ ਸੁੰਦਰ ਗੋਲ ਦੀ ਬਦੌਲਤ ਬਰਾਬਰੀ ਹਾਸਲ ਕਰ ਲਈ। ਪਹਿਲਾ ਹਾਫ 2-2 ਗੋਲਾਂ ਨਾਲ ਬਰਾਬਰ ਸਮਾਪਤ ਹੋ ਗਿਆ। ਟੀਮਾਂ ਨਵੇਂ ਦਮ ਹੋ ਕੇ ਦੂਸਰੇ ਹਾਫ ਦੀ ਤਿਆਰੀ ਕਰ ਰਹੀਆਂ ਸਨ। ਦਰਸ਼ਕ ਸੁੰਨਸਾਨ ਬੈਠੇ ਸਨ, ਅਜੇ ਤੱਕ ਕੋਈ ਵੀ ਇਹ ਅੰਦਾਜ਼ਾ ਨਹੀਂ ਲਾ ਸਕਦਾ ਸੀ ਕਿ ਕਿਹੜੀ ਟੀਮ ਜੇਤੂ ਬਣੇਗੀ।

ਦੂਸਰਾ ਅੱਧ ਸ਼ੁਰੂ ਹੁੰਦਿਆਂ ਹੀ ਨਾਮਧਾਰੀ ਟੀਮ ਨੇ ਲਗਾਤਾਰ ਦੋ ਗੋਲ ਕਰਕੇ 4-2 ਦੀ ਲੀਡ ਹਾਸਲ ਕਰ ਲਈ। ਇਹ ਗੋਲ ਗੁਰਸੇਵ ਸਿੰਘ ਤੇ ਗੁਰਵਿੰਦਰ ਸਿੰਘ ਨੇ ਕੀਤੇ। ਸਾਰੇ ਦਰਸ਼ਕ ਖੁਸ਼ੀ ਵਿੱਚ ਰੌਲਾ ਪਾਉਣ ਲਗੇ। ਪਰ ਯੂਨਾਈਟਡ ਬ੍ਰਦਰਜ਼ ਦੀ ਟੀਮ ਸਥਿਰ ਖੇਡ ਦਾ ਪ੍ਰਦਰਸ਼ਨ ਕਰ ਰਹੀ ਸੀ। ਮੈਚ ਦੇ 57 ਵੇਂ ਮਿੰਟ ਵਿਚ ਯੂਨਾਈਟਡ ਬ੍ਰਦਰਜ਼ ਦੀ ਟੀਮ ਨੇ ਇਕ ਗੋਲ ਉਤਾਰ ਦਿੱਤਾ। ਹੁਣ ਮੈਚ ਦਾ ਸਕੋਰ 4-3 ਨਾਮਧਾਰੀ ਟੀਮ ਦੇ ਹੱਕ ਵਿਚ ਸੀ। ਯੂਨਾਈਟਡ ਬ੍ਰਦਰਜ਼ ਦੀ ਟੀਮ ਹੁਣ all out ਹਾਕੀ ਖੇਡਣ ਲੱਗ ਪਈ ਸੀ ਨਾਮਧਾਰੀ ਟੀਮ ਥੋੜ੍ਹੀ defensive ਹੋ ਗਈ ਸੀ। ਯੂਨਾਈਟਡ ਬ੍ਰਦਰਜ਼ ਦੀ ਟੀਮ ਬੁਹਤ ਜ਼ਿਆਦਾ ਉਪਰ ਚੜ ਕੇ ਖੇਡ ਰਹੀ ਸੀ। ਇਸ ਦਾ ਬਰਾਬਰ ਫਾਇਦਾ ਨਾਮਧਾਰੀ ਟੀਮ ਨੇ ਚੁੱਕਿਆ ਤੇ ਮੈਚ ਦੇ 68 ਵੇਂ ਮਿੰਟ ਵਿਚ ਬੁਹਤ ਹੀ ਸੁੰਦਰ ਮੈਦਾਨੀ ਗੋਲ ਸ਼ੇਰ ਸਿੰਘ ਨੇ ਕੀਤਾ, ਤੇ ਇਸ ਗੋਲ ਨਾਲ ਹੀ ਨਾਮਧਾਰੀ ਟੀਮ ਦੀ ਜਿੱਤ ਤੇ ਮੋਹਰ ਲੱਗ ਗਈ। ਇਸ ਤਰ੍ਹਾਂ ਨਾਮਧਾਰੀ ਟੀਮ ਨੇ ਬਹੁਤ ਵਧੀਆ ਤੇ Sipirited ਖੇਡ ਦੀ ਬਦੌਲਤ 5-3 ਨਾਲ ਮੈਚ ਜਿੱਤਿਆ ਤੇ ਸਾਰੇ ਦਰਸ਼ਕਾਂ ਤੇ ਵਿਸ਼ੇਸ਼ ਕਰਕੇ ਨਾਮਧਾਰੀ ਸੰਗਤ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਸਾਰੀ ਨਾਮਧਾਰੀ ਸੰਗਤ ਆਪਣੀ ਟੀਮ ਨੂੰ ਵਧਾਈ ਦੇਣ ਲਈ ਮੈਦਾਨ ਵਿੱਚ ਦਾਖਲ ਹੋ ਗਈ। ਅਖੀਰ ਵਿੱਚ ਇਨਾਮਾਂ ਦੀ ਵੰਡ ਸ. ਬਲਬੀਰ ਸਿੰਘ *olympian,* ਸੁੱਖ ਧਾਲੀਵਾਲ (MP) ਅਤੇ ਧਨਰਾਜ ਪਿੱਲੇ ਨੇ ਕੀਤੀ। ਨਾਮਧਾਰੀ ਟੀਮ ਦੇ ਖਿਡਾਰੀ ਗੁਰਵਿੰਦਰ ਸਿੰਘ ਤੇ ਸ਼ੇਰ ਸਿੰਘ ਨੂੰ ਸਰਵੋਤਮ ਖਿਡਾਰੀ ਐਲਾਨਿਆ ਗਿਆ। ਧਨਰਾਜ ਪਿੱਲੇ ਤੇ ਸ. ਬਲਬੀਰ ਸਿੰਘ ਨੇ ਵਿਸ਼ੇਸ਼ ਤੌਰ ਤੇ ਨਾਮਧਾਰੀ ਟੀਮ ਦੀ ਖੇਡ ਦੀ ਸ਼ਲਾਘਾ ਕੀਤੀ। ਪੰਜਾਬੀ ਬਜ਼ੁਰਗਾਂ ਨੇ ਵਿਸ਼ੇਸ਼ ਕਰਕੇ ਨਾਮਧਾਰੀ ਖਿਡਾਰੀਆਂ ਨੂੰ ਆ ਕੇ ਵਧਾਈਆਂ ਤੇ ਆਸ਼ੀਰਵਾਦ ਦਿੱਤੇ। ਨਾਮਧਾਰੀ ਟੀਮ ਵਲੋਂ ਨਵਪ੍ਰੀਤ ਸਿੰਘ ਗੋਲਕੀਪਰ, ਅਨਮੋਲਕ ਸਿੰਘ, ਅਜਮੇਰ ਸਿੰਘ, ਜਗਜੀਤ ਸਿੰਘ ਫੁੱਲਬੈਕ, ਗੁਰਚਰਨ ਸਿੰਘ, ਹਰਵਿੰਦਰ ਸਿੰਘ ਤੇ ਜਸਵੇਦ ਸਿੰਘ ਹਾਫ ਬੈਕ, ਕਰਮਜੀਤ ਸਿੰਘ, ਸ਼ੇਰ ਸਿੰਘ, ਗੁਰਵਿੰਦਰ ਸਿੰਘ, ਆਸਾ ਸਿੰਘ, ਗੁਰਵਿੰਦਰ ਸਿੰਘ ਸੀਨੀਅਰ ਤੇ ਰੂਪ ਸਿੰਘ ਨੇ ਟੂਰਨਾਮੈਂਟ ਵਿੱਚ ਭਾਗ ਲਿਆ। ਹਰਮਿੰਦਰ ਪਾਲ ਸਿੰਘ ਟੀਮ ਨਾਲ ਕੋਚ ਸਨ।

ਟੂਰਨਾਮੈਂਟ ਜਿੱਤਣ 'ਤੇ ਨਾਮਧਾਰੀ ਟੀਮ ਨੂੰ $5100 ਤੇ ਟਰਾਫੀ ਪ੍ਰਦਾਨ ਕੀਤੀ ਗਈ। ਨਾਮਧਾਰੀ ਸੰਗਤ ਵੈਨਕੂਵਰ ਵੱਲੋਂ ਵੀ ਨਾਮਧਾਰੀ ਗੁਰਦੁਆਰੇ ਵਿਖੇ ਲਿਜਾ ਕੇ ਨਾਮਧਾਰੀ ਟੀਮ ਦਾ ਸਨਮਾਨ ਕੀਤਾ ਗਿਆ। ਜਿਸ ਵਿੱਚ ਸਾਰੀ ਟੀਮ ਨੂੰ ਸਪੋਰਟਸ ਘੜੀਆਂ ਪ੍ਰਦਾਨ ਕੀਤੀਆਂ ਗਈਆਂ। ਬਾਅਦ ਵਿੱਚ ਸੂਬਾ ਬਲਬੀਰ ਸਿੰਘ ਨਾਮਧਾਰੀ ਨੇ ਸਾਰੀ ਟੀਮ ਦਾ ਦੋ ਦੋ ਤੋਲੇ ਸੋਨੇ ਦੇ ਕੜਿਆਂ ਨਾਲ ਵਿਸ਼ੇਸ਼ ਸਨਮਾਨ ਵੀ ਕੀਤਾ।

ਨਾਮਧਾਰੀ ਟੀਮ ਦੀ ਜਿੱਤ ਦੀ ਖੁਸ਼ੀ ਵਿੱਚ Desi junction Restaurant ਵਾਲਿਆਂ ਨੇ ਟੀਮ ਦੇ ਵਿਸ਼ੇਸ਼ ਡਿਨਰ ਦਾ ਇੰਤਜ਼ਾਮ ਕੀਤਾ। ਬਾਅਦ ਵਿੱਚ ਰੈਸਟੋਰੈਂਟ ਵਾਲਿਆਂ ਨੇ ਨਾਮਧਾਰੀ ਟੀਮ ਦੀ ਇੱਕ ਫੋਟੋ ਵੱਡੀ ਕਰਕੇ ਆਪਣੇ ਰੈਸਟੋਰੈਂਟ ਵਿੱਚ ਬਣਵਾ ਕੇ ਲਗਾਈ।

ਟੂਰਨਾਮੈਂਟ ਖਤਮ ਹੋਣ ਤੋਂ ਬਾਅਦ ਸਾਡੇ ਸਾਰੇ ਮੈਂਬਰਾਂ ਨੇ ਸਲਾਹ ਕਰਕੇ ਨਾਮਧਾਰੀ ਸੰਗਤ ਦੇ ਸਹਿਯੋਗ ਨਾਲ ਟੀਮ ਨੂੰ ਘੁੰਮਾਉਣ ਦਾ ਪ੍ਰੋਗਰਾਮ ਬਣਾਇਆ। ਸ਼ਨੀਵਾਰ ਤੇ ਐਤਵਾਰ ਦੋ ਦਿਨਾਂ ਦੀ ਚੋਣ ਕੀਤੀ ਗਈ। ਸ਼ਨੀਵਾਰ ਨੂੰ ਵਿਸਲਰ ਮਾਊਂਟੇਂਨ ਤੇ ਐਤਵਾਰ ਨੂੰ




ਵਿਕਟੋਰੀਆ ਆਈਲੈਂਡ ਦਾ ਪ੍ਰੋਗਰਾਮ ਤੈਅ ਕੀਤਾ ਗਿਆ। ਸਾਨੂੰ ਵਿਸ਼ੇਸ਼ ਚਾਅ ਸੀ ਕਿ ਅਸੀਂ ਵੀ ਦੋ ਦਿਨ ਨਾਮਧਾਰੀ ਟੀਮ ਨਾਲ ਘੁੰਮਣ ਜਾਵਾਂਗੇ। ਸੋਮਾਵਾਰ ਤੇ ਮੰਗਲਵਾਰ ਦੇ ਦੋ ਦਿਨ ਸ਼ਾਪਿੰਗ ਲਈ ਰੱਖੇ ਗਏ। ਨਾਮਧਾਰੀ ਟੀਮ ਦੇ ਖਿਡਾਰੀਆਂ ਨੇ ਵਿਸ਼ੇਸ਼ ਕਰਕੇ ਸਪੋਰਟਸ ਸ਼ੂਜ਼, ਟੀ ਸ਼ਰਟਾਂ ਤੇ ਹੋਰ ਸਮਾਨ ਦੀ ਸ਼ਾਪਿੰਗ ਕੀਤੀ।

ਇਸ ਤਰ੍ਹਾਂ ਨਾਮਧਾਰੀ ਟੀਮ ਨੇ ਇਸ ਟੂਰਨਾਮੈਂਟ ਵਿੱਚ ਪਹੁੰਚ ਕੇ ਸਾਡੀ ਵੀ ਕੈਨੇਡਾ ਹਾਕੀ ਵਿੱਚ ਚੰਗੀ ਪਹਿਚਾਣ ਬਣਾਈ। ਅਸੀਂ ਵਿਸ਼ੇਸ਼ ਤੌਰ 'ਤੇ ਠਾਕੁਰ ਉਦੇ ਸਿੰਘ ਜੀ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਨਾਮਧਾਰੀ ਟੀਮ 2012 ਤੇ ਸਾਲ 2014 ਵਿੱਚ ਵੀ ਟੂਰਨਾਮੈਂਟ ਵਿੱਚ ਪਹੁੰਚਦੀ ਰਹੀ। 2014 ਵਿੱਚ ਟੀਮ ਨੇ ਫਿਰ ਟੂਰਨਾਮੈਂਟ ਜਿੱਤਿਆ। 2012 ਵਿੱਚ ਟੀਮ ਸਿਰਫ ਸੈਮੀਫਾਈਨਲ ਤੱਕ ਹੀ ਪਹੁੰਚ ਸਕੀ। ਇਸ ਤੋਂ ਉਪਰੰਤ ਕਈ ਨਾਮਧਾਰੀ ਖਿਡਾਰੀ ਚੰਗੇ ਭਵਿੱਖ ਲਈ ਕੈਨੇਡਾ move ਹੋ ਗਏ। ਜੋ ਕਿ ਅੱਜ ਤੱਕ ਸਾਡੇ ਹੀ ਕਲੱਬ ਲਈ ਖੇਡਦੇ ਹਨ, ਜਿਨ੍ਹਾਂ ਵਿੱਚ ਗੁਰਵਿੰਦਰ, ਕਰਮਜੀਤ, ਦਿਲਬਾਗ, ਸੁਖਚੈਨ, ਮਨਪ੍ਰੀਤ, ਲਖਵਿੰਦਰ, ਲੱਖਾ, ਬਲਵਿੰਦਰ, ਪ੍ਰਿੰਸ ਆਦਿ ਖਿਡਾਰੀ ਅੱਜ ਵੀ ਸਾਡੇ ਕਲੱਬ ਦੀ ਸ਼ਾਨ ਹਨ। ਜੋ ਕਿ ਸਾਰਾ ਸਾਲ ਸਾਡੇ ਕਲੱਬ ਵਲੋਂ ਲੀਗ ਖੇਡਦੇ ਹਨ। ਇਸ ਤੋਂ ਇਲਾਵਾ ਇਹ ਖਿਡਾਰੀ ਅਮਰੀਕਾ ਵਿੱਚ ਵੀ ਸਾਡੇ ਕਲੱਬ ਵਲੋਂ ਸ਼ਮੂਲੀਅਤ ਕਰਦੇ ਹਨ।

ਅਸੀਂ ਸਮੁੱਚੇ ਨਾਮਧਾਰੀ ਪੰਥ ਦਾ ਤੇ ਵਿਸ਼ੇਸ਼ ਕਰਕੇ ਸਤਿਗੁਰੂ ਜੀ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਨਾਮਧਾਰੀ ਖਿਡਾਰੀਆਂ ਦੁਆਰਾ ਆਪਣੀ ਪਹਿਚਾਣ ਦੇ ਨਾਲ ਨਾਲ ਸਾਡੇ ਕਲੱਬ ਦੀ ਪਹਿਚਾਣ ਵੀ ਕਰਵਾਈ।

ਸਰੀ ਦੇ ਦਰਸ਼ਕ ਸਾਨੂੰ ਹਰ ਟੂਰਨਾਮੈਂਟ 'ਤੇ ਨਾਮਧਾਰੀ ਟੀਮ ਦੇ ਆਉਣ ਬਾਰੇ ਜ਼ਰੂਰ ਪੁੱਛਦੇ ਰਹਿੰਦੇ ਹਨ। ਜੇਕਰ ਅਸੀਂ ਇਹ ਦੱਸ ਦਿੰਦੇ ਹਾਂ ਕਿ ਟੀਮ ਆ ਰਹੀ ਹੈ, ਉਹ ਖੁਸ਼ ਹੋ ਜਾਂਦੇ ਹਨ, ਜਦੋਂ ਅਸੀਂ ਟੀਮ ਦੇ ਨਾ ਆਉਣ ਬਾਰੇ ਦੱਸਦੇ ਤਾਂ ਉਹ ਅਕਸਰ ਇਹ ਕਹਿੰਦੇ ਹਨ ਕਿ ਨਾਮਧਾਰੀ ਟੀਮ ਨੇ ਤੇ ਆਉਣੀ ਹੀ ਨਹੀਂ, ਇਸ ਵਾਰ ਟੂਰਨਾਮੈਂਟ ਦਾ ਸਵਾਦ ਨਹੀਂ ਆਉਣਾ। ਨਾਮਧਾਰੀ ਹਾਕੀ ਟੀਮ ਦੀ ਖੇਡ ਦੀ ਚਰਚਾ ਸਰੀ ਵਿੱਚ ਹਰ ਉਸ ਥਾਂ 'ਤੇ ਹੁੰਦੀ ਹੈ, ਜਿੱਥੇ ਹਾਕੀ ਵਾਲੇ ਚਾਰ ਕੁ ਵੀ ਇਕੱਠੇ ਹੋ ਜਾਣ।

ਨਾਮਧਾਰੀ ਸੰਸਥਾ ਦੇ ਹਾਕੀ ਵਿੱਚ ਯੋਗਦਾਨ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਸਾਡੀਆਂ ਸ਼ੁਭ ਇੱਛਾਵਾਂ ਸਦਾ ਨਾਮਧਾਰੀ ਸੰਸਥਾ ਤੇ ਨਾਮਧਾਰੀ ਟੀਮ ਨਾਲ ਹਨ, ਪਰਮਾਤਮਾ ਨਾਮਧਾਰੀ ਸੰਸਥਾ ਨੂੰ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਦੇਵੇ।

# A Closer Look at Namdhari Pehrava

- Nihal Kaur (Ghaziabad)

Let me know if you did, too, what I did realise. It is that human values in all of us have been consistently degrading on a larger scale. We are suffering from poverty of love and compassion more than that of materials. Since human beings have been here on this planet Earth for centuries put together, many questions become crucial like what exactly did we do in the last two centuries or so in order to make the same planet witness a severe environmental crisis.

We all shall agree that clothing choices today happen to be very, very different from its previous counterparts not only for the ones with better economic resources but also for those who stand at the other end of the scale that represents the socio-economic range in our country. Today, every person with access to the internet happens to be highly susceptible to both, short term as well as long term problems associated with these quickly changing choices based on what the internet has to offer to them. Especially today's apparently 'stylish' millennials who have a strong tendency to follow the latest trends always.

Here's to asking ourselves how well we have tried to correlate these revised methods of our clothing consumption with the values that the *NamdhariMaryada* offers to us.

Today's fashion industry, if you understand, is wholly a product of the modern age. Prior to the mid - 19th century, all clothing was handmade for individuals, either as home production or on order from dressmakers and tailors. Considering this, the *NamdhariBaana* did not only provide a unique identity for *Namdhari* Sikhs at that time but certainly represented something more than that. It was by the beginning of the 20th century - with the rise of new technologies such as the sewing machine, the rise of capitalism, the development of the factory system of production, and the proliferation of retail outlets such as department stores - that clothing had increasingly come to be mass-produced in standard sizes and sold at fixed prices.

Unaccommodating these capitalistic introductions, *Namdharis* kept carrying forward the legacy of their Gurus as their visual identity - naturally colored, self-produced and self-tailored outfits stitched in a particularly standardized manner that made them stand out in the crowd. As I type this, I can very well recall multiple memories when I spotted *Namdhari*Sikh men on places I had never been before and so, whenever I spotted one, I naturally ended up conveying my greetings and just catching up casually. The outfit, clearly, still very much stands out. And for females, it is the *chooridaar salwar* that does the work.

*NamdhariMaryada*, as I understand, is based on religious as well as environmental ethics and values. Therefore, this traditional outfit of *Namdhari* Sikhs is fundamentally environment friendly in many ways. Two major reasons would be:

a) the type of cloth generally suggested and;

b) the widely accepted common color palette that includes white, ivory, cream, beige, sand color et cetera that happen to be good for one's mental health as well.

The problem with the fashion industry today is that a massive portion of apparel being mass manufactured now is made of synthetic fibres that, just like plastic and unlike Khadi or organic cotton, do not decompose, further resulting in trash. Secondly, the process of dying cloth with toxic chemicals to give them vibrant colors is the second biggest polluter after the oil industry. Lastly, it is the factual violations of rights of garment factory workers who work under unethical conditions to produce clothes at a rate higher than ever with no proper wage system and extremely long working hours, especially in countries like India and Bangladesh where the labor is comparatively cheap and undemanding.

It feels like our *SatGurus* had foreseen all these unethical, unhealthy issues and impacts of the 21st century's Fast Fashion scenario and therefore, designed what we today refer to as *"Kukeya Da Baana."* Therefore, I believe it becomes significant for us, as a community to reconsider our consumption patterns. It's as simple as it gets - just do not purchase clothes unless your wardrobe's empty or clothes can't be repaired anymore; and try and stick to the similarly designed outfits like the *NamdhariBaana* so as to be proud of choices that do not harm the environment and/or violates anybody's human rights whilst keeping true to the visible identity of being a member of such a humble community that has its roots founded in ethical values and courage.

What exactly are these rights, whom do these belong, and why should we care about others' rights at all? We will know more in the next issue.

Have you got any suggestions or questions? Drop a "Sat Sri Akaal, what's up?" at <nihalsagoo@gmail.com>

- Nihal Kaur (Ghaziabad)
MA Human Rights
Doctoral Fellow - Sustainable Development

.....................................................

## ਔਰਤਾਂ ਪਸ਼ੂ ਨਹੀਂ ਹੁੰਦੀਆਂ

ਕਿਸੇ ਸਾਊ ਜੇਹੀ ਕੁੜੀ ਦਾ ਰਿਸ਼ਤਾ ਚਾਹੀਦਾ,
ਜ਼ਿਆਦਾ ਉੱਚੀ ਨਾ ਬੋਲੇ,
ਘਰਦਾ ਮਰਦ ਜੇ ਛਿਟੀ ਵੀ ਚੁੱਕੇ ਤਾਂ
ਸਬਰ ਦੀ ਘੁੱਟ ਭਰ ਕਮਰੇ 'ਚ ਚਲੀ ਜਾਵੇ
ਹੱਸਦੀ ਆਂਢ-ਗੁਆਂਢ ਨਾ ਸੁਣੇ
ਫੋਨ ਕੋਲ ਰੱਖਣ ਦਾ ਰੈਸਾ ਨਾ ਪਾਵੇ
ਨੈੱਟ ਵਰਤਣ ਵਾਲੀ ਨਾ ਹੋਵੇ
ਹਾਂ ਕੋਈ ਕਵਿੱਤਰੀ ਜਾਂ ਨਚਾਰ ਵੀ ਨਾ ਹੋਵੇ
ਰੋਟੀਆਂ ਪਕਾਵੇ,
ਸਾਰਾ ਕੰਮ ਸਾਂਭ ਲਵੇ
ਜਿੱਥੇ ਉਹਦਾ ਮਰਦ ਆਖੇ ਉੱਥੇ ਹੀ ਖੜ੍ਹੇ
ਬੱਸ ਗਊ ਬਣਕੇ ਰਹੇ
ਹੋਰ ਨਹੀਂ ਕੁਛ ਚਾਹੀਦਾ।

ਕੁੜੀ ਦੇ ਪਿਉ ਨੇ ਨੀਵੀਂ ਚੁੱਕ
ਐਨਾ ਕੁ ਜਵਾਬ ਦਿੱਤਾ,
"ਬਾਈ ਜੀ !
ਤੁਸੀਂ ਰਿਸ਼ਤੇ ਲਈ ਗਲਤ ਘਰ ਆ ਗਏ
ਇੱਥੇ ਔਰਤਾਂ ਰਹਿੰਦੀਆਂ,
ਪਸ਼ੂ ਨਹੀਂ........."

**- ਬਰਾੜ ਜੈਸੀ**

# ਗੁਰਮਤਿ ਵਿਚ ਬਿਬੇਕ ਦਾ ਸੰਕਲਪ ਅਤੇ ਬਿਬੇਕੀ ਰਹਿਤ

**–ਹਰਪਾਲ ਸਿੰਘ ਸੇਵਕ**

**(ਪਿਛਲੇ ਅੰਕ ਤੋਂ ਅੱਗੇ)**

**ਅਖੰਡ ਪਾਠ ਦੀ ਮਰਯਾਦਾ:** ਨਾਮਧਾਰੀ ਸਿੰਘਾਂ ਵਿਚ ਅਖੰਡ ਪਾਠਾਂ ਦੀ ਜੋ ਮਰਯਾਦਾ ਪ੍ਰਚਲਤ ਹੈ ਇਹ 1875 ਈ: ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਤੋਂ ਭਾਈ ਹਰਨਾਮ ਸਿੰਘ (ਭਾਣਾ ਪਿੰਡ) ਦੇ ਹੱਥੀਂ ਲਿਖਕੇ ਭੇਜੀ ਸੀ ਜੋ ਸਤਿਗੁਰੂ ਬਿਲਾਸ ਭਾਗ 2 ਵਿਚ ਦਰਜ ਹੈ–

"ਪ੍ਰਿਥਮੇਂ ਸਿੰਘ ਸਾਰੇ ਸੋਧੀ ਹੋਵਣ ਅੰਮ੍ਰਿਤ ਬਨਾਵਣ ਮਰਯਾਦਾ ਨਾਲ। ਪਾਠੀ, ਧੂਪੀਏ, ਪਹਿਰੇਵਾਲੇ ਅਰ ਲਾਂਗਰੀ ਕੋ ਅੰਮ੍ਰਿਤ ਛਕੌਣਾ ਕਮਰ ਕੱਸਾ ਕਰਕੇ, ਸਫਾਜੰਗ ਗਾਤਰੇ ਪਾ ਕੇ। ਜਿਥੇ ਅਖੰਡ ਪਾਠ ਕਰਨਾ ਹੋਵੇ ਸੁੱਚੇ ਜਲ ਨਾਲ ਸਥਾਨ ਧੋ ਕੇ, ਸੁੱਚੇ ਕਪੜਿਆਂ ਚਾਦਰਾਂ ਆਦਿ ਦੀ ਵਿਛਾਈ ਕਰਕੇ ਹੱਦ-ਬੰਦੀ ਕਰਕੇ ਮੰਜੀ ਸਾਹਿਬ ਤੇ ਅਦਬ ਸਹਿਤ ਪ੍ਰਕਾਸ਼ ਕਰਨਾ ਅਤੇ ਉਪਰ ਚੰਦੋਆ ਬੰਨਣਾ। ਹੱਦ ਬੰਦੀ ਵਿਚ ਸੁੱਚ-ਮਰਿਯਾਦਾ ਦੇ ਧਾਰਣੀ ਸਿੰਘ, ਪਾਠੀ, ਧੂਪੀਏ ਜਾਂ ਪਹਿਰੂ ਹੀ ਜਾ ਸਕਦੇ ਹਨ।

"ਪ੍ਰਿਥਮੇਂ ਗ੍ਰੰਥ ਸਾਹਿਬ ਪ੍ਰਗਾਸੇ, ਤੁਕ ਲਵੇ ਸਵਾ ਰੁਪਏ ਕਾ (ਉਸ ਸਮੇਂ ਦੀ ਕੀਮਤ ਅਨੁਸਾਰ) ਪ੍ਰਸਾਦ ਤਾਬਿਆ ਰੱਖਣਾ। ਪਾਠੀ ਅਰ ਧੂਪੀਆ ਇਸ਼ਨਾਨ ਕਰਕੇ ਅੰਮ੍ਰਿਤ ਛਕ ਕੇ ਤਾਬਿਆ ਆਵੇ। ਪ੍ਰਿਥਮੇਂ ਪਾਠ ਸੁਣਾਇਕੇ ਕਰਨਾ ਅਰ ਬੀੜ ਲਿਖਤ ਦੀ ਹੋਵੇ ਚਮੜੇ ਦੀ ਜਿਲਦ ਨਹੀਂ ਰੱਖਣੀ। (ਅਜ ਕੱਲ ਛਾਪੇ ਦੀਆਂ ਬੀੜਾਂ ਤੋਂ ਵੀ ਪ੍ਰਵਾਨ ਹੈ) ਜੇ ਪਾਠੀ ਚੀਤਾ ਛੱਡੇ (ਪਿਸ਼ਾਬ ਕਰਨਾ) ਤਾਂ ਕੌਲੀ ਨਾਲ (ਜਲ) ਵਰਤੇ। ਗੋਡਿਆਂ ਤਾਈਂ ਲੱਤਾਂ ਤੇ ਕੂਹਣੀਆਂ ਤਾਈਂ ਬਾਹਾਂ ਧੋਣੀਆਂ, ਚੂਲਾ ਕਰਨਾ। ਮੰਜੇ ਉਤੇ ਪਾਠੀ ਨਾ ਸੌਣ। ਗ੍ਰਿਹਸਤ ਨਾ ਕੋਈ ਬਰਤੇ ਜਿਨਾਂ ਚਿਰ ਪਾਠ ਹੋਵੇ। (ਭਾਵ ਪਾਠੀ, ਧੂਪੀਏ, ਲਾਂਗਰੀ ਆਦਿ ਜਿੰਨੇ ਦਿਨ ਪਾਠ ਹੋਣ ਬ੍ਰਹਮਚਰਜ ਦੇ ਧਾਰਣੀ ਰਹਿਣ) ਅਨਦਾਹੜੀਆ ਲੜਕਾ ਪਾਠ ਵਿਚ ਨਹੀਂ ਲਾਵਣਾ। ਪੰਜ ਪਾਠੀ, ਪੰਜ ਧੂਪੀਏ, ਦੋ ਪਹਿਰੂ ਅਤੇ ਦੋ ਲਾਂਗਰੀ। (ਰੌਲ ਬਦਲਣ ਵੇਲੇ) ਪਾਠੀ ਪੂਰੇ ਰੱਖਣੇ ਅਰ ਅੰਨ ਥੋੜਾ ਛਕਣ ਜਿਸ ਸੇ ਬੋਕਾ (ਹਵਾ) ਨਾ ਸਰੇ। ਚੋਲੀ, ਰੁਮਾਲੇ ਧੋਇ ਲੈਣੇ।

ਕੁੰਭ ਕੋਰੇ ਮਿੱਟੀ ਕੇ ਬਰਤਨ ਮੇਂ ਜਲ ਪਾਇ ਕੇ ਰੱਖਣਾ ਕੁੰਭ ਹੇਠ ਕਣਕ ਦੇ ਦਾਣੇ ਰੱਖਣੇ। ਉਪਰ ਕੋਰਾ ਬਸਤ੍ਰ ਧੋਇ ਕੇ ਰੱਖਣਾ ਉੱਪਰ ਨਰਯੇਲ ਰੱਖਣਾ। ਧੂਪੀਏ ਕੇ ਅੱਗੇ ਜਪੁ ਸਾਹਿਬ ਕੀ ਸੈਂਚੀ ਰੱਖਣੀ। ਇਕ ਗਿਠ ਭਰ ਕੀ ਲਕੜੀ ਬੇਰੀ ਕੀ ਜਾਂ ਪਲਾਹ ਕੀ ਥਾਲੀ ਮੇਂ ਧਰੇ। ਜਪੁ ਸਾਹਿਬ ਪੜੇ ਅਰ ਉਸ ਪਰ ਘਿਉ ਕੀ ਅਹੂਤੀ ਪਾਵੇ ਭਜਨ ਕਾ ਨਾਮ ਲੈ ਕੇ। ਇਕ ਦੀਵਾ ਘਿਉ ਕਾ ਜਗਾਇਕੇ ਥਾਲੀ ਮੇਂ ਧਰੇ। ਕੋਲ ਕੋਲੇ ਦਗਦੇ ਰਹਿਣ, ਧੂਪ ਉਨ੍ਹਾਂ ਉਪਰ ਪੈਂਦੀ ਰਹੇ। ਜਿਤਨਾ ਚਿਰ ਭੋਗ ਨਾ ਪਵੇ ਉਤਨਾ ਚਿਰ ਤਿੰਨਾਂ ਚੀਜ਼ਾਂ ਵਿਚੋਂ ਕੋਈ ਬੁੱਝੇ ਨਾ। ਰਾਤ ਨੂੰ ਗ੍ਰੰਥ ਸਾਹਿਬ ਕੇ ਅੱਗੇ ਅਰ ਧੂਪੀਏ ਕੇ ਅੱਗੇ ਵੀ ਘਿਉ ਦਾ ਦੀਵਾ ਜਗਾ ਕੇ ਧਰੇ। ਜਿਸ ਬਖਤ ਅਰਦਾਸੀਆ ਕਹੇ ਅਖੰਡ ਪਾਠ ਤੁਰਿਆ ਹੈ ਪਾਠੀ ਅਰ ਧੂਪੀਆ ਉਸੇ ਵਕਤ ਪਾਠ ਸ਼ੁਰੂ ਕਰ ਦੇਣ। ਪਾਠੀ ਅਰ ਧੂਪੀਆ ਅਰਦਾਸ ਕਰਕੇ ਤੁਕ ਲਵੇ ਅਰ ਪਹਿਲੇ ਵੀ ਅਰਦਾਸ ਕਰਕੇ ਹੀ ਬੋਲਣ। ਜਦ ਰੌਲ ਆਵੇ ਤਾਂ ਇਸ਼ਨਾਨ ਕਰਕੇ ਹੀ ਲੱਗੇ। ਪਾਠੀ ਖੌਫ ਰੱਖੇ, ਪੱਤਰਾ ਨਾ ਉੱਥਲਿਆ ਜਾਵੇ। ਤੁਕ ਅੱਖਰ ਲਗ ਮਾਤਰ, ਸੋਧ ਕੇ ਪੜਨਾ। ਹਰ ਤਰ੍ਹਾਂ ਸੇ ਬਿਘਨ ਸੇ ਬਚਾਵੇ। ਨਿਰਬਿਘਨ ਅਖੰਡ ਪਾਠ ਕਾ ਅਕੋਤ੍ਰ ਸੌ ਖੁੱਲੇ ਪਾਠਾਂ ਜਿਨਾਂ ਮਹਾਤਮ ਹੈ। ਪਾਠੀ ਕਾਹਲਾ ਪਾਠ ਕਰਨ ਵਾਲੇ ਹੋਣ ਕਿਉਂਕਿ ਸੋਲਾਂ ਪਹਿਰਾਂ ਮੇਂ ਭੋਗ ਪਾਉਣੇ ਕਾ ਮਹਾਤਮ ਹੈ। ਪੈਹਰੇ ਬਾਲੇ ਨੂੰ ਚਾਹੀਏ ਮਾਲਾ ਫੇਰੇ ਰਸਨਾ ਕਾ ਭਜਨ ਕਰੇ। ਸੂਰਜ ਕੀਆਂ ਰਿਸ਼ਮਾਂ ਨਾਲ ਕੜਾਹ ਪ੍ਰਸਾਦਿ ਬਰਤਾਇ ਦੇਵੇ ਅਰਦਾਸਾ ਕਰਕੇ (ਇਹ ਮੱਧ ਦਾ ਪ੍ਰਸਾਦ ਹੁੰਦਾ ਹੈ) ਸਿੰਘ ਪੰਜ ਕੱਕੇ ਕੀ ਰੀਤੀ ਮੇਂ ਪਰਪੱਕ ਹੋਵਨ। (ਪਾਠ ਸੰਪੂਰਨ ਹੋਣ ਤੋਂ ਪਹਿਲਾਂ) ਕੜਾਹ ਪ੍ਰਸਾਦਿ ਕਰਕੇ ਤਾਬਿਆ ਧਰੇ। ਪਹਿਲੇ ਹੀ ਏਕ ਨਾਰਯੇਲ ਹਵਨ ਮੇਂ ਲਗਾਇ ਦੇਵੇ। ਧੂਪੀਆ ਐਸੀ ਜੁਗਤ ਨਾਲ ਪਾਠ ਕਰੇ ਕਿ ਜਦ ਪਾਠੀ ਕਹੇ 'ਅਠਾਰਹ ਦਸ ਬੀਸ' ਧੂਪੀਏ ਕੋ ਭੀ 'ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ' ਪਰ ਪਹੁੰਚਨਾ ਚਾਹੀਏ। ਅਰਦਾਸੀਆ ਸਿੰਘ ਵੀ ਇਸ਼ਨਾਨ ਕਰਕੇ ਪਵਿਤ੍ਰ ਹੋਵੇ ਜਦ ਪਾਠੀ 'ਅਠਾਰਹ ਦਸ ਬੀਸ' ਕਹੇ ਤਾਂ ਅਰਦਾਸੀਆ ਤਤਕਾਲ ਅਰਦਾਸ ਸ਼ੁਰੂ ਕਰ ਦੇਵੇ।

**ਅੰਨ ਦਾ ਅਦਬ ਅਤੇ ਕੜ੍ਹਾਹ ਪ੍ਰਸਾਦਿ ਦੀ ਮਰਿਯਾਦਾ:–** ਅਖੰਡ ਪਾਠ, ਸਹਿਜ ਪਾਠ ਜਾਂ ਵਰਨੀਆਂ

ਆਦਿ ਸਮੇਂ ਕੜ੍ਹਾਹ ਪ੍ਰਸਾਦਿ ਤਾਬਿਆ ਰੱਖਿਆ ਜਾਂਦਾ ਹੈ। ਭੋਗ ਲਵਾਉਣ ਲਈ ਪ੍ਰਸਾਦਿ ਸੋਧੀ ਸਿੰਘਾਂ ਦੁਆਰਾ ਰਹਿਤ ਮਰਿਯਾਦਾ ਅਨੁਸਾਰ ਬਣਿਆ ਹੀ ਪ੍ਰਵਾਨ ਹੈ। ਖੁੱਲ੍ਹੇ ਸਿੰਘਾਂ ਦੁਆਰਾ ਬਣੇ ਪ੍ਰਸਾਦਿ ਦਾ ਭੋਗ ਲਵਾਉਣ ਲਈ ਅਰਦਾਸਾ ਨਹੀਂ ਕੀਤਾ ਜਾਂਦਾ। ਸੰਗਤ ਵਿਚ ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਆਉਣ ਤੇ ਜੈਕਾਰਾ ਛਡਕੇ ਸੰਗਤ ਅਦਬ ਵਜੋਂ ਖੜੀ ਹੁੰਦੀ ਹੈ। ਏਸੇ ਤਰ੍ਹਾਂ ਸੰਗਤ ਵਿਚ ਜਾਂ ਵਰਨੀ ਆਦਿ ਸਮੇਂ ਕੜ੍ਹਾਹ ਪ੍ਰਸਾਦਿ ਦੀ ਦੇਗ ਆਉਣ ਤੇ ਵੀ ਸੰਗਤ ਖੜੇ ਹੋ ਅਦਬ ਕਰਦੀ ਹੈ। ਇਹ ਅਦਬ ਹੁੰਦਾ ਹੈ ਉਸ ਪਵਿਤ੍ਰ ਦੇਗ ਦਾ ਜਿਸਨੂੰ ਗੁਰੂ ਨਮਿੱਤ ਰੱਖਣਾ ਅਤੇ ਭੋਗ ਲੱਗਣਾ ਹੁੰਦਾ ਹੈ। ਅਰਦਾਸ ਸਮੇਂ ਮਹਾਰਾਜ ਦੀ ਬੀੜ ਦੀ ਤਾਬਿਆ ਅਤੇ ਕੜਾਹ ਪ੍ਰਸਾਦਿ ਦੀ ਤਾਬਿਆ ਬੈਠੇ ਸਿੰਘ ਖੜੇ ਨਹੀਂ ਹੁੰਦੇ ਅਦਬ ਵਜੋਂ ਤਾਬਿਆ ਬੈਠੇ ਰਹਿੰਦੇ ਹਨ। ਅਰਦਾਸ ਹੋਣ ਉਪਰੰਤ ਪ੍ਰਸਾਦਿ ਥੋੜਾ ਜਿਹਾ ਗੁਰ ਦਰਿਆ (ਖੂਹ ਜਾਂ ਗੜਵੇ ਦਾ ਪਾਣੀ ਵਿਚ) ਪਾਇਆ ਜਾਂਦਾ ਹੈ। ਫੇਰ ਪੰਜ ਪਿਆਰਿਆਂ ਨੂੰ ਦੋਹਰਾ ਵਰਤਾਰਾ ਵਰਤਾ ਕੇ ਸੰਗਤ ਨੂੰ ਵਰਤਾਇਆ ਜਾਂਦਾ ਹੈ।

ਨਾਮਧਾਰੀ ਪੰਥ ਵਿਚ ਅੰਨ ਦਾ ਅਦਬ ਕਰਨ ਦੀ ਮਰਿਯਾਦਾ ਵੀ ਜਰੂਰੀ ਹੈ। ਕਿਉਂਕਿ ਅੰਨ ਨੂੰ ਗੁਰਬਾਣੀ ਵਿਚ ਦੇਵਤਾ ਕਿਹਾ ਹੈ ਜੋ ਜੀਵਨ ਦਾ ਆਧਾਰ ਹੈ–

ਜਪੀਐ ਨਾਮੁ ਜਪੀਐ ਅੰਨੁ।
ਅੰਭੈ ਕੈ ਸੰਗਿ ਨੀਕਾ ਵੰਨੁ॥
ਅੰਨੈ ਬਾਹਰਿ ਜੋ ਨਰ ਹੋਵਹਿ।
ਤੀਨਿ ਭਵਨ ਮਹਿ ਅਪਨੀ ਖੋਵਹਿ॥
(ਗੋਂਡ, ਅੰਕ ੮੭੩)

ਇਸ ਲਈ ਅੰਨ ਦੇ ਅਦਬ ਵਾਸਤੇ ਜੂਠ ਛੱਡਣ ਦੀ ਸਖਤ ਮਨਾਹੀ ਹੈ। ਸਗੋਂ ਪ੍ਰਸਾਦਾ ਛਕ ਕੇ ਥਾਲੇ ਵਿਚ ਥੋੜਾ ਪਾਣੀ ਪਾ ਕੇ, ਧੋ ਕੇ ਉਹ ਵੀ ਪੀਣ ਦੀ ਮਰਯਾਦਾ ਹੈ ਤਾ ਕਿ ਥਾਲੇ ਵਿਚ ਲੱਗੇ ਅੰਨ ਦੇ ਭੋਰੇ ਵੀ ਛਕ ਲਏ ਜਾਣ, ਰੁਲਣ ਨਾ।

**ਹਵਨ ਦੀ ਰਹਿਤ:** ਪੁਰਾਤਨ ਸਿੱਖਾਂ ਵਿਚ ਹਵਨ ਕਰਨ ਦੀ ਰੀਤ ਪ੍ਰਚਲਤ ਸੀ। ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਦੇ ਹਨ–

ਕੀਰਤਨ ਕਥਾ ਪਾਠ ਗੁਰੂ ਗ੍ਰੰਥ ਜੀ ਕੇ ਥਾਟ,
ਜੋੜ ਮੇਲ ਠਾਟ ਰਾਠ ਕਾਠ ਮੇਲ ਠਾਨੀ ਥੇ।
**ਹੋਮ ਜਗ ਕਰਵਾਤੇ** ਪ੍ਰਸਾਦ ਬਟਵਾਤੇ,
ਰੌਣਕ ਰਖਾਤੇ ਗਾਤੇ ਸ਼ਬਦ ਜੁਬਾਨੀ ਥੇ॥

ਰਾਗ ਮਾਝ ਵਿਚ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਜਿਸ ਕਾਰਜ ਦੇ ਅਰੰਭ ਵਿਚ ਹੋਮ ਯੱਗ ਹੋਵੇ ਉਹ ਕਾਰਜ ਸੋਭਦਾ ਹੈ–

'ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ'॥

ਅੱਜ ਵਿਗਿਆਨ ਵੀ ਇਸ ਗਲ ਨੂੰ ਮੰਨਦਾ ਹੈ ਕਿ ਦੇਸੀ ਘਿਉ ਵਿਚ ਸਮੱਗਰੀ (22 ਸੁਗੰਧਿਤ ਜੜ੍ਹੀਆਂ ਬੂਟੀਆਂ ਤੋਂ ਬਣੀ) ਨੂੰ ਅਗਨੀ ਵਿਚ ਜਲਾਉਣ ਨਾਲ ਵਾਤਾਵਰਣ ਵਿਚੋਂ ਬਹੁਤ ਸਾਰੇ ਹਾਨੀਕਾਰਕ ਬੈਕਟੀਰੀਆ ਖਤਮ ਹੋ ਜਾਂਦੇ ਹਨ ਜਾਂ ਉਸ ਵਾਤਾਵਰਣ ਵਿਚ ਪੈਦਾ ਹੀ ਨਹੀਂ ਹੋ ਸਕਦੇ। ਪੁਰਾਤਨ ਪਰੰਪਰਾ ਅਨੁਸਾਰ ਹੀ ਨਾਮਧਾਰੀ ਸਿੰਘਾਂ ਵਿਚ ਹਵਨ ਕਰਨ ਦੀ ਪਰੰਪਰਾ ਪ੍ਰਚਲਤ ਹੈ– ਵਿਸ਼ੇਸ਼ ਕਰਕੇ ਅਨੰਦ ਕਾਰਜ ਤੋਂ ਪਹਿਲਾਂ ਵੀ ਹਵਨ ਕੀਤਾ ਜਾਂਦਾ ਹੈ। ਸੱਤ ਸੋਧੀ ਸਿੰਘ ਹਵਨ ਕਰਦੇ ਹਨ– ਪੰਜ ਸਿੰਘ ਪੋਥੀਆਂ ਤੋਂ ਬਾਣੀਆਂ ਪੜ੍ਹਦੇ ਹਨ– ਚੌਪਈ, ਜਪੁ, ਜਾਪੁ, ਚੰਡੀ ਚਰਿਤ੍ਰ, ਅਕਾਲ ਉਸਤਤ, ਚੰਡੀ ਦੀ ਵਾਰ ਅਤੇ ਉਗਰਦੰਤੀ, ਛੇਵਾਂ ਸਤਵਾਂ ਦੋਵੇਂ ਰਸਨਾ ਕਰਕੇ ਨਾਮ ਜਪਦੇ ਹਨ। ਗਿਆਨੀ ਗਿਆਨ ਸਿੰਘ ਜੀ ਨਾਮਧਾਰੀ ਪੰਥ ਦੀ ਸਿਰਜਨਾ ਸਮੇਂ ਅਰੰਭਕ ਵਰ੍ਹਿਆਂ ਵਿਚ ਸ੍ਰੀ ਭੈਣੀ ਸਾਹਿਬ ਵੀ ਰਹੇ। ਸਤਿਗੁਰੂ ਰਾਮ ਸਿੰਘ ਜੀ ਨਾਲ ਦੌਰਿਆਂ ਸਮੇਂ ਕਥਾ ਵੀ ਕਰਦੇ ਰਹੇ। ਉਸ ਸਮੇਂ ਦਾ ਅੱਖੀਂ ਡਿੱਠਾ ਵਰਨਣ ਆਪ ਨੇ ਅਠਾਈ ਕਬਿੱਤਾਂ ਵਿਚ ਲਿਖਿਆ ਹੈ– ਨਾਮ ਬਾਣੀ ਦੇ ਪ੍ਰਵਾਹ ਅਤੇ ਹਵਨ ਯੱਗ ਬਾਰੇ ਵੀ ਜਿਕਰ ਹੈ–

ਸੁਕਲ ਬਸਨ ਮਾਲਾ ਸੂਧੀ ਦਸਤਾਰ ਦਾੜ੍ਹੀ,
ਕਰ ਹੈਂ ਹਮਨ ਪਾਠ ਗ੍ਰੰਥ ਗੁਰੂ ਜੂ ਕੇ ਹੈਂ।
ਦਸਮੇਂ ਗੁਰੂ ਕੇ ਸਿੰਘ ਸਾਦਿਕ ਸਹੀ ਹੈਂ ਸਭ
ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।
ਨਰ ਨਾਰਿ ਸਬਦ ਅਪਾਰ ਪਢੈਂ ਗੁਰੂ ਕੇਰ
ਢੋਲਕੀ ਬਜਾਇ ਬਾਂਧਿ ਜੋਟੀਆਂ ਅਛੈ ਸਹੀ॥
**ਹਮਨ ਕਰੈਂ ਹੈਂ ਭੋਗ ਗ੍ਰੰਥ ਜੀ ਕੇ ਪੈ ਹੈ**
ਬਹੁ ਸੰਗਤੋਂ ਕੇ ਕੱਠ ਥੈ ਹੈ, ਰੈ ਹੈ ਰਚਨਾ ਲਗੀ।

ਇਸ ਤੋਂ ਬਿਨਾਂ ਨਾਮਧਾਰੀ ਪੰਥ ਵਿਚ ਕਈ ਵੇਰ ਸਵਾ ਲੱਖ ਚੰਡੀ ਦੀ ਵਾਰ ਦੇ ਪਾਠ ਅਤੇ ਹਵਨ ਯੱਗ ਵੀ ਹੋਏ ਹਨ।

**ਚਲਦਾ............**

# ਬੀਤੇ ਦੀਆਂ ਪੈੜਾਂ- ਕਵੀ ਪ੍ਰੀਤਮ ਸਿੰਘ

## (ਅਣਛਪਿਆ-ਭਾਗ)

### (ਪਿਛਲੇ ਅੰਕ ਤੋਂ ਅੱਗੇ)

**15 ਸਤੰਬਰ 1986, ਸੋਮਵਾਰ**
**ਬੈਂਕੋਕ, ਥਾਈਲੈਂਡ**

ਆਸਾ ਦੀ ਵਾਰ ਦਾ ਕੀਰਤਨ ਸੰਤ ਹਰਬੰਸ ਸਿੰਘ ਘੁੱਲਾ ਦੀ ਮੁੱਖ ਸੁਰ ਹੇਠ ਬੈਂਕੋਕ ਦੇ ਕੀਰਤਨਕਾਰਾਂ ਤੇ ਸ. ਸੰਪੂਰਨ ਸਿੰਘ ਗੋਰੋਵਾੜਾ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁਖ ਬਖ਼ਸ਼ਦੀ ਹਜ਼ੂਰੀ ਵਿੱਚ ਕੀਤਾ।

ਵਾਰ ਉਪਰੰਤ ਸਵੇਰੇ ਸਵੇਰੇ ਹੀ ਸਤਿਗੁਰੂ ਜੀ ਨੇ ਆਪਣੇ ਸੇਵਕ ਸੰਤ ਸੰਪੂਰਨ ਸਿੰਘ ਗੋਰੋਵਾੜਾ ਦੇ ਨਵੇਂ ਘਰ ਵਿੱਚ ਚਰਨ ਪਾ ਕੇ ਉਸਨੂੰ ਨਿਵਾਜਿਆ। ਜਲਪਾਨ ਵੀ ਏਥੇ ਹੀ ਕੀਤਾ।

ਅਜੇ ਬੈਂਕੋਕ ਸੁੱਤਾ ਹੀ ਪਿਆ ਸੀ ਕਿ ਸ੍ਰੀ ਸਤਿਗੁਰੂ ਜੀ ਦਾ ਚਰਨ ਪਾਊ ਪ੍ਰੋਗਰਾਮ ਸ਼ੁਰੂ ਹੋ ਗਿਆ। ਪ੍ਰਿਤਪਾਲ ਖੰਨਪੁਰੀ ਤੇ ਪ੍ਰਿਤਪਾਲ ਖਾਣੀਜੌਂ ਦੀ ਸੰਤ ਸਤਪਾਲ ਸਿੰਘ ਸੇਠੀ ਦੇ ਸਾਥ ਵਿੱਚ ਮਾਟਾਡੋਰ ਟੁਰ ਪਈ। ਸੰਤ ਗਿਆਨੀ ਸੰਤੋਖ ਸਿੰਘ ਫਾਨੀ ਜੀਵ ਦੇ ਘਰ ਇਲਾਕਾ ਮੋਥਾ ਥੂ ਚਰਨ ਡਿੰਗ ਡੈਂਗ ਵਿਖੇ ਸ੍ਰੀ ਸਤਿਗੁਰੂ ਜੀ ਨੇ ਜਾ ਦਰਸ਼ਨ ਦਿੱਤੇ। ਕਾਇਦਾ ਇਹ ਹੈ ਕਿ ਜਿਸ ਇਲਾਕੇ ਵਿੱਚ ਚਰਨ ਪੈਣ ਸੰਗਤ ਦੇ ਸਕੱਤਰ ਸੰਤ ਨਰੈਣ ਸਿੰਘ ਜੀ ਪਹਿਲਾਂ ਹੀ ਸੂਚਨਾ ਘੱਲ ਦਿੰਦੇ ਹਨ। ਇਲਾਕੇ ਦੇ ਜਾਣਕਾਰ ਸ੍ਰੀ ਸਤਿਗੁਰੂ ਜੀ ਦੀ ਤਾਬਿਆ ਹੋ ਜਾਂਦੇ ਹਨ ਤੇ ਕਾਫ਼ਲਾ ਤੁਰ ਪੈਂਦਾ ਹੈ। ਕਦੇ ਕਦੇ ਬਹੁਤੀਆਂ ਮੋਟਰਾਂ ਕਦੇ ਕਦੇ ਕੇਵਲ ਇੱਕੋ ਮਾਟਾਡੋਰ। ਇਸ ਵਾਰ ਉੱਪਰ ਦੱਸੇ ਸਿੰਘਾਂ ਨੂੰ ਹੀ ਇਹ ਮਾਣ ਹਾਸਲ ਸੀ।

ਜਿਸਦੇ ਘਰ ਚਰਨ ਪੈਂਦੇ ਹਨ, ਉਸਨੇ ਸੋਫਾ ਸਜਾ ਕੇ ਗੁਰੂ ਜੀ ਨੂੰ ਬੈਠਾ ਕੇ ਇੱਕ ਮਾਲਾ ਜਾਂ ਪਰਵਾਰ ਮੁਖੀਆਂ ਵਲੋਂ ਉੱਨ ਦੀ ਮਾਲਾ ਭੇਟ ਕਰਕੇ ਪੁਸ਼ਪ, ਫਲ, ਸੁੱਕੇ ਮੇਵੇ, ਮਾਇਆ ਅਤੇ ਬਸਤਰਾਂ ਦੀ ਭੇਟਾ ਗੁਰੂ ਕੇ ਚਰਨਾਂ ਵਿੱਚ ਸਾਦਰ ਸਿਰ ਝੁਕਾ ਕੇ ਅਰਪਣ ਕਰਨੀ ਹੁੰਦੀ ਹੈ।

2. ਗਿਆਨੀ ਸੰਤੋਖ ਸਿੰਘ ਡਿੰਗ ਡੈਂਗ 322/20
3. ਸ. ਗੁਰਮੁਖ ਸਿੰਘ ਖੜਬੰਦਾ ਡਿੰਗ ਡੈਂਗ 322/14
4. ਸ. ਪ੍ਰਿਤਪਾਲ ਸਿੰਘ ਖਾਣੀਜੌਂ ਡਿੰਗ ਡੈਂਗ 404/21

ਇਸ ਘਰ ਦੀ ਬੀਬੀ ਨੇ ਗੁਰੂ ਚਰਨਾਂ ਵਿੱਚ ਅਰਜ਼ ਗੁਜ਼ਾਰੀ : ਸੱਚੇ ਪਾਤਸ਼ਾਹ ਜੀ ਸਾਡੇ ਘਰ ਤੇ ਬਖਸ਼ਸ਼ ਕਰਿਆ ਜੇ, ਅਸੀਂ ਵੀ ਸੇਠ ਤਰਲੋਕ ਸਿੰਘ ਅਤੇ ਬੀਬੀ ਮਹਿੰਦਰ ਕੌਰ ਵਾਂਗ ਆਪ ਜੀ ਦੀ ਤੇ ਸਾਧ ਸੰਗਤ ਦੀ ਸੇਵਾ ਕਰ ਸਕੀਏ।

5. ਸ. ਸੁਖਬੀਰ ਸਿੰਘ ਸਪੁੱਤਰ ਸੰਤ ਸੰਪੂਰਨ ਸਿੰਘ ਗੋਰੋਵਾੜਾ 582/363
6. ਬੀਬੀ ਪਵਿੱਤਰ ਕੌਰ ਸੁਪਤਨੀ ਸੰਤ ਪਿਆਰਾ ਸਿੰਘ ਸਚਦੇਵ ਦੀ ਅੰਤਰ-ਕੱਸ਼ਸ਼ ਕਾਰਨ ਸ੍ਰੀ ਸਤਿਗੁਰੂ ਜੀ ਆਸਾ ਦੀ ਵਾਰ ਵਿੱਚੋਂ ਉੱਠ ਕੇ ਸਾਰੇ ਸਚਦੇਵਾ ਪਰਵਾਰ ਨੂੰ ਨਿਵਾਜ ਆਏ ਸਨ।
7. ਸ. ਪਾਲ ਸਿੰਘ ਮਨਚੰਦਾ (ਬੀਬੀ ਜਸਮੀਤ ਕੌਰ ਕਲਕੱਤਾ ਦਾ ਦਾਮਾਦ) 582/225
8. ਸ. ਜਸਬੀਰ ਸਿੰਘ ਸੇਠੀ 502/332

ਅਰਜ਼ : ਦੀਨਾ ਬੰਧੂ, ਬੱਚਿਆਂ ਤੇ ਬਖਸ਼ਸ਼ ਕਰੋ। ਆਪ ਜੀ ਬਿਨਾਂ ਇਸ ਭਰੀ ਦੁਨੀਆਂ ਵਿੱਚ ਸਾਡਾ ਕੋਈ ਨਹੀਂ।

9. ਸੰਤ ਅਮਰ ਸਿੰਘ ਗੁਲਾਟੀ-ਬੀਬੀ ਸਤਨਾਮ ਕੌਰ 502/288
10. ਸੰਤ ਬਲਬੀਰ ਸਿੰਘ ਗੋਰੋਵਾੜਾ ਸਪੁੱਤਰ ਸੰਤ ਮਹਿੰਦਰ ਸਿੰਘ, ਇਲਾਕਾ ਖੋਲੀਸੀਅਮ 41/14

ਮਾਤਾ ਸਵਰਨ ਕੌਰ ਦੇ ਲੜਕੇ ਸਤਨਾਮ ਸਿੰਘ ਨੂੰ ਅਜੇ ਪਿਛਲੇ ਦਿਨੀਂ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਤੱਖ ਦਰਸ਼ਨ ਦੇਣ ਦੀ ਕਿਰਪਾ ਕੀਤੀ ਸੀ।

11. ਸੰਤ ਬਲਬੀਰ ਸਿੰਘ 41/15
12. ਸੰਤ ਮਹਿੰਦਰ ਸਿੰਘ ਪ੍ਰੀਤ ਫਿਲਫੈਟ, ਫਿਟਬਰੀ ਰੋਡ, 141/2

(ਪ੍ਰੀਤ ਪਰਿਵਾਰ ਨੂੰ ਸ੍ਰੀ ਸਤਿਗੁਰੂ ਜੀ ਨੇ ਜਲਪਾਨ ਕਰਕੇ ਤੇ ਨਾਲ ਆਏ ਜਥੇ ਨੇ ਕੁਛ ਛਕ ਛਕਾ ਕੇ ਨਿਵਾਜਿਆ)

13. ਸੰਤ ਸੰਪੂਰਨ ਸਿੰਘ ਗੋਰੋਵਾੜਾ 141/8
14. ਸ. ਅਵਤਾਰ ਸਿੰਘ ........, ਇਲਾਕਾ ਪੱਤੂ ਨਾਮ (ਪਾਣੀ ਦੁਆਰ) 463/18

15. ਸੰਤ ਨਰੈਣ ਸਿੰਘ ਨਰੂਲਾ, ਸੰਗਤ ਦਾ ਸਕੱਤਰ, ਪਾਣੀ ਦੁਆਰ 463/29

ਅਰਜ਼ : 18-9-86 ਨੂੰ ਨਵੇਂ ਮਕਾਨ ਵਿੱਚ ਜਾ ਰਹੇ ਹਾਂ ਜੀ। (ਇਹ ਪਰਵਾਰ ਵੀ ਤਕੜੇ ਸੇਵਕਾਂ ਦਾ ਹੈ)

16. ਸੰਤ ਵਿਜਿੰਦਰ ਸਿੰਘ ਪੱਤੂ ਨਾਮ 487/44

17. ਸੇਠ ਅਜੀਤ ਸਿੰਘ ਨਰੂਲਾ 485/37-38

18. ਸੇਠ ਗਜਿੰਦਰ ਸਿੰਘ ਨਰੂਲਾ ਚੌਕ ਫਈਆ ਥਾਈ 37

19. ਸ. ਸਰਨਪਾਲ ਸਿੰਘ ਕੁਕਰੇਜਾ ਸੋਇ ਵਟ ਤਫਾਨ ਰਾਜਪੁਰਾਰੁਪ ਰੋਡ 17/40-41

ਸਰਨਪਾਲ ਦੀ ਪਤਨੀ ਦੀ ਅਰਜ਼ : ਸੱਚੇ ਪਾਤਸ਼ਾਹ ਬੱਚੇ ਦਸਵੰਧ ਕੱਢਿਆ ਕਰਨ।

20. ਸ. ਸੁਖਦੇਵ ਸਿੰਘ ਨਰੂਲਾ ਸਪੁੱਤਰ ਸ. ਜਸਵੰਤ ਸਿੰਘ ਅਸੋਕ ਡਿੰਗ ਡੈਂਗ 304/54

21. ਸ. ਗੁਰਮੀਤ ਸਿੰਘ ਸਚਦੇਵ 304/62

22. ਬੀਬੀ ਸਤਪਾਲ ਵਿਧਵਾ ਸ. ਰਛਪਾਲ ਸਿੰਘ ਖਾਣੀਜੋਂ 304/75

ਸ੍ਰੀ ਸਤਿਗੁਰੂ ਜੀ ਨੇ ਸਾਰੇ ਬੱਚਿਆਂ ਦਾ ਹਾਲ ਚਾਲ, ਕਾਰੋਬਾਰ ਤੇ ਉਨ੍ਹਾਂ ਬਾਰੇ ਹੋਰ ਜਾਣਕਾਰੀ ਲਈ।

23. ਸ. ਓਅੰਕਾਰ ਸਿੰਘ ਗਿਆਨੀ ਜੀ ਦਾ ਭਣੇਵਾਂ 306/87

ਇਸਨੇ ਵਿਹਾਰ ਕਾਰ ਚੱਲਣ ਲਈ ਬਿਨੈ ਕੀਤੀ। ਆਗਿਆ ਹੋਈ : ਢਾਈ ਮਾਲਾ ਭਜਨ ਤੇ ਇੱਕ ਮਾਲਾ ਭਗੌਤੀਆਂ ਦੀ ਫੇਰ ਕੇ ਅਰਦਾਸ ਕਰੋ।

24. ਸ. ਪ੍ਰਿਥੀਪਾਲ ਸਿੰਘ ਮਨਚੰਦਾ 304/77

ਇਸ ਚਿਹਰੇ ਤੇ ਉੱਗੇ ਕਿੱਲਾਂ ਬਾਰੇ ਬਿਨੈ ਕੀਤੀ।

ਆਗਿਆ ਹੋਈ : ਪਪੀਤੇ ਦੀ ਛਿੱਲ ਲਾਹ ਕੇ ਰਾਤ ਨੂੰ ਚਿਹਰੇ ਉੱਤੇ ਬੰਨ੍ਹ ਲੈਣੀ। ਸਵੇਰੇ ਇਸਨੂੰ ਲਾਹ ਕੇ ਧਰਤੀ ਵਿੱਚ ਨੱਪ ਦੇਣਾ ਜਾਂ ਗੰਦੇ ਨਾਲੇ ਵਿੱਚ ਸੁੱਟ ਦੇਣੀ। ਇਹ ਜ਼ਹਿਰੀਲੀ ਹੋ ਜਾਂਦੀ ਹੈ। ਇੱਕੀ ਦਿਨ ਇਹ ਛਿੱਲ ਜ਼ਰੂਰ ਬੰਨ੍ਹਣੀ, ਚਿਹਰਾ ਕਿੱਲਾਂ ਤੋਂ ਸਾਫ਼ ਹੋ ਜਾਵੇਗਾ।

25. ਸ. ਗੁਰਚਰਨ ਸਿੰਘ-ਬਿਚਿਤ੍ਰਾ ਸਿਆਮਣ, ਡਿੰਗ ਡੈਂਗ 4/66

26. ਸ. ਸਵਰਨ ਪਾਲ ਸਿੰਘ ਸਚਦੇਵ 580/473-474

ਇਸ ਬੱਚੇ ਕੋਲ ਇਨ੍ਹਾਂ ਦੀ ਮਾਂ ਬੀਬੀ ਪਵਿੱਤਰ ਕੌਰ ਰਹਿੰਦੀ ਹੈ, ਸੰਤ ਪਿਆਰਾ ਸਿੰਘ ਸਚਦੇਵ ਦੀ ਸੁਪਤਨੀ। ਅਧਰੰਗ ਨਾਲ ਸਰੀਰ ਤੁਰਨੋਂ ਫਿਰਨੋਂ ਲਾਚਾਰ, ਬੋਲਣ ਦੀ ਸਮਰੱਥਾ ਨਹੀਂ, ਪਰ ਸੁਚੇਤ ਹੈ ਅਤੇ ਮੋਹ ਭਰੀ। ਸ੍ਰੀ ਸਤਿਗੁਰੂ ਜੀ ਚਰਨ ਉੱਚੇ ਕਰਕੇ ਮੱਥਾ ਟਿਕਵਾਂਦੇ ਹਨ। ਬੀਬੀ ਸਿਰ ਝੁਕਾ ਕੇ, ਪਿਆਰ ਸਤਿਕਾਰ ਵਜੋਂ ਸ੍ਰੀ ਸਤਿਗੁਰੂ ਜੀ ਦੇ ਹੱਥ ਬਾਰ-ਬਾਰ ਚੁੰਮਦੀ ਤੇ ਸਦਕੇ ਜਾਂਦੀ ਹੈ। ਕਦੇ ਸਿਰ 'ਤੇ ਹੱਥ ਧਰਦੀ ਹੈ, ਕਦੇ ਛਾਤੀ ਉਤੇ ਲਾ ਕੇ ਘੁੱਟਦੀ ਹੈ। ਸ੍ਰੀ ਸਤਿਗੁਰੂ ਜੀ ਲਈ ਏਨੀ ਨੇੜਤਾ ਲਈ ਕਿੰਨਾ ਮੁੱਲ ਤਾਰਿਆ ਹੈ। ਸੱਚੇ ਪਾਤਸ਼ਾਹ ਜੀ ਦੇ ਇਸ ਬੀਬੀ ਲਈ 10 ਮਿੰਟ ਅਨੁਕੂਲ ਸਥਿਤੀ ਵਿੱਚ ਰਹੇ।

27. ਸ. ਪ੍ਰੇਮ ਸਿੰਘ ਸਚਦੇਵ, ਦਾਮਾਦ ਸ. ਸੁਰਿੰਦਰ ਸਿੰਘ ਡਾਲਟਨ ਗੰਜ

28. ਸ. ਹਰਮੀਤ ਸਿੰਘ ਸਚਦੇਵ, ਦਾਮਾਦ ਸੰਤ ਬਲਵੰਤ ਸਿੰਘ ਡਾਟਲਨ ਗੰਜ 568/472

ਇਸਨੇ ਅੰਦਰ ਲੈ ਜਾ ਕੇ ਆਪੂੰ ਬਣਾਈ ਇੱਕ ਥੋਮ ਸੰਬੰਧਤ ਦਵਾਈ ਬਣਾਣ ਦੀ ਮਸ਼ੀਨ ਵਖਾਈ। ਦਵਾਈ ਟਾਨਿਕ ਪਰ ਵੇਚਣ ਦੀ ਮੁਸ਼ਕਲ ਹੈ।

29. ਸ. ਪ੍ਰਿਥੀਪਾਲ ਸਿੰਘ 580/470

ਲੁਧਿਆਣੇ ਨੂੰ ਫੋਨ - 9.15 ਨੂੰ ਚਰਨ ਪਾਊ ਪ੍ਰੋਗਰਾਮ ਨਿਬਾਹ ਕੇ ਗਿਆਨੀ ਸੰਤੋਖ ਸਿੰਘ-ਮਹਿੰਦਰ ਕੌਰ ਗਿਆਨਣ ਦੇ ਘਰ ਸ੍ਰੀ ਸਤਿਗੁਰੂ ਜੀ ਪਧਾਰੇ ਡਿੰਗ ਡੈਂਗ, 322/20 ਵਿੱਚ। ਘਰ ਵਿੱਚ ਅਪਣੱਤ ਤੋਂ ਸਿਵਾ ਕੋਈ ਵੀ ਨਹੀਂ ਸੀ ਨਾ ਫਾਨੀ ਜੀਵ ਜੀ, ਨਾ ਗਿਆਨਣ ਜੀ, ਨਾ ਇਹਨਾਂ ਦਾ ਲੜਕਾ ਮਹਿਤਾਬ ਸਿੰਘ ਜਾਂ ਨੂੰਹ ਹੀ। ਸਾਡੀ ਬੋਲੀ ਨਾ ਜਾਣਨ ਵਾਲੀ ਇੱਕ ਸਿਆਮਣ ਕੁੜੀ ਸੀ। ਉਹ ਜਾਣਦੀ ਸੀ ਕਿ ਜੋ ਆਏ ਹਨ, ਉਹ ਨਾਮਧਾਰੀ ਘਰਾਂ ਦੇ ਪੂਰੀ ਤਰ੍ਹਾਂ ਮਾਲਕ ਹਨ। ਉਹ ਆਪਣੇ ਕੰਮ ਕਾਜ ਵਿੱਚ ਲੱਗੀ ਰਹੀ, ਅਸੀਂ ਸਾਰੇ ਟੈਲੀਫੋਨ ਵਾਲੇ ਕਮਰੇ ਵਿੱਚ ਆ ਸਜੇ। ਸੱਚੇ ਪਾਤਸ਼ਾਹ ਸੋਫੇ 'ਤੇ ਸੇਵਕ ਜਨ ਗਲੀਚਿਆਂ 'ਤੇ ਅਤੇ ਲੁਧਿਆਣੇ ਦੇ ਸੁਰਿੰਦਰ ਸਿੰਘ ਨਾਲ ਫੋਨ ਮਿਲ ਗਿਆ। ਸ੍ਰੀ ਸਤਿਗੁਰੂ ਜੀ ਦੇ ਆਦੇਸ਼ ਜਾਰੀ ਹੋਏ :

ਸਤਿ ਸ੍ਰੀ ਅਕਾਲ!

..........

ਕਪੂਰ ਸਿੰਘ (ਪਾਠੀ, ਸ੍ਰੀ ਭੈਣੀ ਸਾਹਿਬ) ਤੇ ਉਹਦੀ ਸਿੰਘਣੀ ਕੱਲ ਐਸ ਵੇਲੇ ਲੁਧਿਆਣੇ, ਤੇਰੇ ਘਰ ਆ ਜਾਣ!

..........

ਜਗਤਾਰ ਸਿੰਘ ਵੀ....

..........

ਮੇਰੇ ਘਰੋਂ (ਸ੍ਰੀ ਮਾਤਾ ਚੰਦ ਕੌਰ ਜੀ) ਨੂੰ ਵੀ ਆਖ ਦਿਓ, ਗੁੱਡੀ ਕੋਲੋਂ ਛੁੱਟੀ ਲੈ ਕੇ ਆ ਜਾਵੇ।

ਜੇ ਬੀਬੀ (ਦਲੀਪ ਕੌਰ) ਜੀ ਏਥੇ ਹੁੰਦੇ ਤਾਂ ਉਨ੍ਹਾਂ ਨੂੰ ਵੀ ਸੱਦ ਲੈਣਾ ਸੀ, ਪਰ ਉਹ ਤਾਂ ਬੈਂਕੌਕ ਵਿੱਚ ਹਨ।

ਅਤੇ ਦੀਨ ਦਿਆਲ ਜੀ ਨੇ ਸੁਰਿੰਦਰ ਸਿੰਘ ਤੋਂ ਦੇਸ਼ ਦੀ ਹੋਰ ਜਾਣਕਾਰੀ ਲਈ। ਫੇਰ ਟੈਲੀਫੋਨ ਅੰਕ ਗਿਆਨਣ ਦੀ ਦੁਕਾਨ ਨਾਲ ਜਾ ਮਿਲੇ।

ਸਤਿ ਸ੍ਰੀ ਅਕਾਲ!

..........

ਘਰੇ ਹੀ ਹਾਂ।

..........

ਆਪਣੇ ਘਰ ਪੁੱਛ ਕੇ ਅਈਦੈ?

..........

ਤੂੰ ਮਹਿਤਾਬ ਦਾ ਨੰਬਰ ਦੱਸ।

..........

ਹਾਂ ਵੇਖਦੇ ਹਾਂ ਡਾਇਰੈਕਟਰੀ।

..........

ਠੀਕ ਹੈ, ਮਿਲ ਗਿਐ ਨੰਬਰ।

ਅੰਮ੍ਰਿਤਸਰੀ ਅਵਤਾਰ ਨੂੰ (ਇਹ ਨੰਬਰ ਅਵਤਾਰ ਸਿੰਘ ਅੰਮ੍ਰਿਤਸਰੀ ਦਾ ਸੀ)।

ਸਤਿ ਸ੍ਰੀ ਅਕਾਲ!

..........

ਕੱਲ ਲੱਭਿਆ ਸੀ, ਲੱਭ ਕੇ ਹਟਣਾ ਸੀ ਅਵਤਾਰ ਨੂੰ।

ਕੁਰਾਲੀ ਜਾ ਆਇਆ ਏਂ?

..........

ਵੈਦ ਨੂੰ ਪੁੱਛ ਵੀ ਲਿਆ ਕਰੋ ਨਾ?

..........

ਪਿਸ਼ਾਬ ਵਖਾ ਕੇ ਵਾਧਾ ਘਾਟਾ ਪੁੱਛਿਆ?

..........

ਖਾਂ ਸਾਹਿਬ ਦਾ?

..........

ਦੁਆਈ ਤਾਂ ਉਹ ਹਫਤੇ ਦੀ ਹੀ ਦਿੰਦੈ, ਫਿਰ ਬਦਲ ਦਿੰਦੈ!

..........

ਦਵਾਈ ਕਿੰਨੇ ਦਿਨਾਂ ਦੀ ਦਿੰਦਾ ਹੈ?

..........

ਖਾਂ ਸਾਹਿਬ ਨੂੰ ਮੁੜ ਬੁਲਾਣ ਲਈ......

..........

ਸੰਤ ਸੂਰਤ ਸਿੰਘ (ਅਵਤਾਰ ਸਿੰਘ ਦਾ ਪਿਤਾ ਮਾਤਾ) ਬੀਬੀ ਮਹਿੰਦਰ ਕੌਰ, ਸਭ ਰਾਜ਼ੀ ਖੁਸ਼ੀ ਨੇ? ਸਭ ਨੂੰ ਸਤਿ ਸ੍ਰੀ ਅਕਾਲ ਆਖਣਾ।

..........

ਹੋਰ ਕੋਈ ਲੋੜ ਹੋਵੇ ਤਾਂ, ਟ੍ਰਾਂਸਪੋਰਟ ਆਦਿ ਦੀ?

............

ਦਿੱਲੀ ਵਿੱਚ ਹੀ ਏਨਾ ਚਿਰ ਲਗ ਜਾਵੇਗਾ?

ਜਾਣਾ ਤੇ ਆਉਣਾ ਹੀ ਹੋਵੇਗਾ ਹਸਪਤਾਲ ਦਾ!

..........

ਇਹ ਹੋ ਜਾਵੇਗਾ, ਸੁਖਦੇਵ ਕੇ ਘਰ ਡੇਰਾ ਲੁਆ ਦਿਆਂਗੇ।

..........

ਹਕੀਮ ਨੂੰ ਮੇਰੇ ਵੱਲੋਂ ਸਤਿ ਸ੍ਰੀ ਅਕਾਲ ਆਖੀਂ! ਨਾਲੇ ਕਹੀਂ ਪੁੱਛਿਆ ਸੀ।

..........

ਉਹ (ਅੰਮ੍ਰਿਤਪਾਲ ਤੇ ਪਤਨੀ-ਸ. ਜਸਵੰਤ ਸਿੰਘ ਕੱਲ੍ਹਾ ਦੇ ਨੂੰਹ ਪੁੱਤ) 23 ਨੂੰ ਚਲੇ ਹੀ ਜਾਣ (ਲੁਧਿਆਣੇ ਤੋਂ) ਮੈਂ ਸੁਰਿੰਦਰ ਨੂੰ ਕਹਿ ਦਿਆਂਗਾ।

..........

ਤੂੰ ਆਪਣਾ ਇਲਾਜ ਦਿੱਲੀ ਹੀ ਜਾ ਕੇ ਕਰਵਾ! ਚੰਗਾ, ਸਤਿ ਸ੍ਰੀ ਅਕਾਲ।

..........

ਅੰਮ੍ਰਿਤਪਾਲ? ਸ਼ਾਜ਼ ਲਿਆਂਦਾ ਏ ਤੂੰ ਨਾਲ! ਤੇਰੇ ਕੋਲੋਂ ਸੁਣਨਾ ਏ।

**ਡੇਰੇ ਵੱਲ ਜਾਂਦਿਆਂ –** 10.30 ਵਜੇ ਸੇਠ ਜੀ ਦੇ ਬੰਗਲੇ ਆਪਣੇ ਡੇਰੇ ਲਈ ਸ੍ਰੀ ਸਤਿਗੁਰੂ ਜੀ ਚੱਲੇ ਤਾਂ ਗੱਲਬਾਤ ਕਰਦਿਆਂ ਮੈਨੂੰ ਪਤਾ ਲੱਗਾ ਕਿ ਇਸ ਵਾਰ ਭੈਣੀ ਸਾਹਿਬ ਗਿਆਂ ਉਸਤਾਦ ਵਲਾਇਤ ਖਾਂ ਨੂੰ ਉਨ੍ਹਾਂ ਦੇ ਸਨਮਾਨ ਵਜੋਂ ਕੇਵਲ 5000/- ਹੀ ਦਿੱਤਾ ਗਿਆ। ਖਾਂ ਸਾਹਿਬ ਨੇ ਨਮਰਭਾਵ ਨਾਲ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਸੀ : ਆਪ ਜੀ ਨੇ ਮੇਰੇ ਗੁਨਾਹੋਂ ਕੀ ਤਰਫ਼ ਆਂਖ ਉਠਾ ਕਰ ਨ ਦੇਖਣਾ, ਅਪਨੀ ਖੁਦਾਈ ਬਖਸ਼ਸ਼ ਕਾ ਦਰਵਾਜ਼ਾ ਖੁਲ੍ਹਾ ਰਖਨਾ। ਆਪ ਕੀ ਬਖਸ਼ਸ਼ੋਂ ਕਾ ਭੰਡਾਰ ਹਮੇਂ ਚਾਹੀਏ ਹੀ ਚਾਹੀਏ।

ਸ੍ਰੀ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਦੇ ਘਰੀਂ ਚਰਨ ਪਾਉਂਦਿਆਂ ਨੌਜਵਾਨਾਂ ਵਿੱਚ ਉਭਰਦੀ ਦਾਹੜੀ ਕਤਰਨ ਦੀ ਬਿਮਾਰੀ ਨੂੰ ਰੋਕਣ ਲਈ ਬੜੇ ਪਿਆਰ ਨਾਲ ਅਤੇ ਅਨੇਕਾਂ ਢੰਗ ਤਰੀਕਿਆਂ ਨਾਲ ਸਮਝਾਇਆ। ਹਰ ਘਰ ਵਿੱਚ ਇੱਕ ਘੰਟਾ ਨਾਮ ਸਿਮਰਨ ਅਤੇ ਮਹੀਨੇ ਵਿੱਚ ਇੱਕ ਪਾਠ ਕਰਨ ਕਰਵਾਣ ਦੀ ਪ੍ਰੇਰਨਾ ਦਿੱਤੀ।

**ਚਲਦਾ........**

# A Saga Of  Sri Satguru Jagjit Singh Ji

- Dr. Sharada Jayagovind

It is sad that many artistes who migrated to Pakistan had to face penury and deprivation. Udho Khan ji was killed by riotous mobs when he was on his way to Pakistan. The story of Bhai Nasir ji, who taught the *pakhawaj jori* to Maharaj Bir Singh ji is heart rending. Through reliable sources, Satguru Jagjit Singh ji learnt that Bhai Nasir ji was leading a difficult life in Pakistan. Patsha ji told his aides:

"Find out the whereabouts of Bhai Nasir ji."

The aides found out that in Pakistan Bhai Nasir ji was no longer a musician. He was known as Nasira Mali. He was eking out his livelihood as a gardener and was languishing in the lanes of Anarkali Bazar in Lahore. Satguru ji sent an aide to Lahore to meet the musician. His Holiness stretched a helping hand and brought solace to the artiste.

When Satguru ji came to know that Zulfi, one of the se Bhai Nasir ji, desired to come to India to meet Patsha Holiness made special efforts to procure visa for him brought him to Sri Bhaini Sahib and treated him with love and respect and sent him back home with gifts.

**Revival of Gurmat Sangeet and Classical Music During Patsha ji's Time**

When Satguru Jagjit Singh ji ascended the throne in 1959, during the first few years of his rule, he focused on integrating and consolidating the Namdhari Sangat in national and international spheres. In the mid-1960s, he turned his attention to the teaching of *Gurmat Sangeet* and classical music as tools of integration and spiritual elevation among the Namdhari youth. He set out to fulfill the wish of his father that all Namdhari children should learn music. This would keep them connected to their culture and religion. Patsha ji said that if one cannot sing or play on the instrument at least he or she should cultivate the culture of listening to good music.

As a first step towards realizing this dream, in 1965, Patsha ji started free music classes in Sri Bhaini Sahib. Any child or adult irrespective of caste or creed could learn music at Sri Bhaini Sahib. Patsha ji revived the *Guru Shishya parampara,* as learning music was a cultural and spiritual exercise. He wanted the students to imbibe the values of humility and surrender.

Children were taught to sing the *Gurbani* in the traditional folk and classical style paying great attention to right pronunciation of words. Traditional instruments such as the *dilruba, sitar, sarod and rabab* along with percussion instruments like *pakhawaj jori* and *tabla* were taught. It was Patsha ji's aim to replace harmonium, a Western instrument, by native stringed instruments in *Gurmat Sangeet.* Guru Arjan Dev ji introduced the tradition of using string instruments including *saranda* and *dilruba* in *Gurmat Sangeet.*

In the early years there were not many students of music. It was a slow but steady increase in the number of learners. Patsha ji made special efforts to bring Pandit Mahadev Prasad, an eminent singer of *Jaipur Gharana,* to Sri Jiwan Nagar to teach music. Pandit Mahadev ji was living in the Durgiana temple in Amritsar. He could sing both *Dhrupad and Khayaal.* Mahaveer ji, son of Pandit Mahadev ji, also came to Sri Jiwan Nagar. These masters were repositories of many rare compositions which were becoming extinct.

Patsha ji and Maharaj Bir Singh ji wanted to learn the priceless pieces from Pandit Mahadev Prasad ji. It is said that, with all humility, Patsha ji placed *parsad* in front of Pandit Mahadev ji and requested him to accept him as a disciple. The first batch of students who learnt music at this time were Ustad Harbhajan Singh, Ustad Gurdev Singh, Surjit Singh Mattu ji and Manjit Singh ji.

Later, respecting the wish of Patsha ji, Ustad Harbhajan Singh taught *Gurmat Sangeet* and traditional compositions to students while Ustad Mohinder Singh taught *khayaal* and *thumri* at Sri Bhaini Sahib. Ustad Pyara Singh trained students in *dilruba* and *taar shehnai* and Ustad Nihal Singh instructed the students in *pakhawaj jori.*

Another prominent musician blessed by Patsha ji is Harbans Singh Ghulla ji. He is the son of Sant Darshan Singh ji and nephew of Sant Khajan Singh ji, the famous *kirtan singers*. He learnt music from Sant Darshan Singh ji, Ustad Mohinder Singh Ji and Ustad Harbhajan Singh ji. Ustad Pyara Singh ji taught him playing *dilruba.* Ghulla ji accompanied Patsha ji during his travels and performed *kirtan* in his presence almost for thirty years.

Patsha ji and Maharaj Bir Singh ji were so interested and involved in the growth of students that they too started teaching regularly at Sri Bhaini Sahib. While Sri Bhaini Sahib was emerging as the main centre of learning, Patsha ji promoted learning of music at all Namdhari centres.

**To be continued......**

# ਸੁੱਚੇ ਮੋਤੀ

## ਤਿਆਗ ਦੀ ਸਿਖ਼ਰ

ਇਕ ਆਦਮੀ ਦੇ ਮਨ ਵਿੱਚ ਫ਼ਕੀਰੀ ਦੀ ਅਜਿਹੀ ਭਾਵਨਾ ਜਾਗੀ ਕਿ ਘਰ ਬਾਰ ਛੱਡ ਕੇ ਜੰਗਲ ਵਿਚ ਜਾਣ ਲਈ ਤਿਆਰ ਹੋ ਗਿਆ।

ਪਤਨੀ ਨੇ ਵੀ ਨਾਲ ਜਾਣ ਦੀ ਇੱਛਾ ਜ਼ਾਹਿਰ ਕੀਤੀ। ਸੋਚਿਆ, ਪਤਨੀ ਦਾ ਘਰ-ਬਾਰ ਨਾਲ ਮੋਹ ਹੈ। ਇਹਦੇ ਲਈ ਤਿਆਗ ਔਖਾ ਹੋਵੇਗਾ। ਬਹੁਤ ਸਮਝਾਇਆ, ਪਰ ਪਤਨੀ ਨਹੀਂ ਮੰਨੀ। ਜੰਗਲ ਵਿਚ ਜਾ ਕੇ ਰਹਿਣ ਲੱਗੇ। ਕੰਦ-ਮੂਲ ਖਾ ਕੇ ਗੁਜ਼ਾਰਾ ਕਰਦੇ। ਕਈ ਦਿਨ ਮੀਂਹ ਪੈਣ ਕਾਰਨ, ਕੁਝ ਖਾਣ ਲਈ ਨਾ ਮਿਲਿਆ। ਆਦਮੀ ਕੁਝ ਪ੍ਰਬੰਧ ਕਰਨ ਲਈ ਬਾਹਰ ਨਿਕਲਿਆ। ਪਿੱਛੇ ਪਤਨੀ ਵੀ ਸੀ। ਅੱਗੇ ਆਇਆ ਤਾਂ ਰਾਹ ਵਿੱਚ, ਕਿਸੇ ਰਾਹੀ ਦੀ ਸੋਨੇ ਦੀਆਂ ਮੋਹਰਾਂ ਵਾਲੀ ਥੈਲੀ ਡਿੱਗੀ ਪਈ ਸੀ। ਸੋਚਿਆ, ਪਿੱਛੇ ਪਤਨੀ ਆ ਰਹੀ ਹੈ। ਕਈ ਦਿਨਾਂ ਤੋਂ ਭੁੱਖੀ ਹੈ। ਕਿਤੇ ਮੋਹਰਾਂ ਦੇਖ ਕੇ ਉਹਦਾ ਮਨ ਨਾ ਡੋਲ ਜਾਵੇ।

ਕਾਹਲੀ ਨਾਲ ਮੋਹਰਾਂ ਵਾਲੀ ਥੈਲੀ 'ਤੇ ਮਿੱਟੀ ਪਾਉਣ ਲੱਗਾ। ਤੁਰਦੀ ਹੋਈ ਪਤਨੀ ਵੀ ਨੇੜੇ ਆਈ ਅਤੇ ਪੁੱਛਿਆ, "ਕੀ ਕਰ ਰਹੇ ਹੋ?" ਓ

"ਦੇਖ! ਮੈਂ ਝੂਠ ਨਹੀਂ ਬੋਲ ਸਕਦਾ। ਕਿਸੇ ਰਾਹੀ ਦੀ ਮੋਹਰਾਂ ਵਾਲੀ ਥੈਲੀ ਡਿੱਗੀ ਪਈ ਸੀ। ਮੈਂ ਸੋਚਿਆ ਤੂੰ ਕਈ ਦਿਨਾਂ ਤੋਂ ਭੁੱਖੀ ਹੈਂ। ਕਿਤੇ ਡੋਲ ਨਾ ਜਾਵੇਂ, ਇਸ ਲਈ ਮੋਹਰਾਂ 'ਤੇ ਮਿੱਟੀ ਪਾ ਰਿਹਾਂ।"

"ਕਿੱਥੇ ਨੇ ਮੋਹਰਾਂ?" ਪਤਨੀ ਨੇ ਪੁੱਛਿਆ।

"ਔਹ ਦੇਖ ..." ਉਹਨੇ ਮੋਹਰਾਂ ਦਿਖਾਉਂਦੇ ਕਿਹਾ।

" ਕਿੱਥੇ ਨੇ... ? ਮੈਨੂੰ ਤਾਂ ਨਹੀਂ ਦਿੱਸ ਰਹੀਆਂ। ਚਲੋ ਤੁਰੋ , ਐਵੇਂ ਮਿੱਟੀ ਤੇ ਮਿੱਟੀ ਪਾਉਣ ਡਹੇ ਹੋ ..."

## ਕੀਮਤੀ ਚੀਜ਼ ਨੂੰ

ਇਕ ਫਕੀਰ ਜਦੋਂ ਗਜਾ ਕਰਨ ਕੁਟੀਆ ਤੋਂ ਬਾਹਰ ਜਾਂਦਾ, ਕੁਟੀਆ ਦਾ ਬੂਹਾ ਖੁੱਲ੍ਹਾ ਛੱਡ ਜਾਂਦਾ। ਖ਼ੁਦ ਕੁਟੀਆ ਅੰਦਰ ਹੋਣ ਸਮੇਂ ਜੰਦਰਾ ਮਾਰ ਕੇ ਰੱਖਦਾ। ਕਈ ਲੋਕਾਂ ਨੂੰ ਫ਼ਕੀਰ ਦੀ ਇਹ ਗੱਲ ਅਨੋਖੀ ਲੱਗੀ।

ਇਕ ਦਿਨ ਕੁਝ ਲੋਕ ਇਕੱਠੇ ਹੋ ਕੇ ਆਏ ਅਤੇ ਇਸਦਾ ਕਾਰਨ ਪੁੱਛਿਆ। ਫ਼ਕੀਰ ਨੇ ਕਿਹਾ, ਕੁਟੀਆ ਵਿੱਚ ਇੱਕ, ਦੋ ਬਰਤਨ ਅਤੇ ਗੋਦੜੀ ਤੋਂ ਬਿਨਾਂ ਕੋਈ ਚੀਜ਼ ਨਹੀਂ ਹੈ। ਇਸ ਲਈ ਬੂਹਾ ਖੁੱਲ੍ਹਾ ਹੋਵੇ ਜਾਂ ਬੰਦ ਕੀ ਫ਼ਰਕ ਪੈਂਦਾ ਹੈ ?

"ਪਰ ਖ਼ੁਦ ਕੁਟੀਆ ਅੰਦਰ ਹੋਣ ਦੇ ਬਾਵਜੂਦ ਜੰਦਰਾ ਮਾਰ ਲੈਣ ਦਾ ਕਾਰਨ ਕੀ ਹੈ?" ਉਨ੍ਹਾਂ ਪੁੱਛਿਆ।

"ਬੜੀ ਸਿੱਧੀ ਗੱਲ ਹੈ, ਲੋਕ ਕੀਮਤੀ ਚੀਜ਼ਾਂ ਨੂੰ ਜਿੰਦਰਾ ਮਾਰ ਕੇ ਰੱਖਦੇ ਹਨ। ਮੈਂ ਆਪਣੇ ਆਪ ਨੂੰ ਦੋ ਬਰਤਨਾਂ ਅਤੇ ਗੋਦੜੀ ਤੋਂ ਵੱਧ ਕੀਮਤੀ ਸਮਝਦਾ ਹਾਂ। ਇਥੇ ਹੀ ਬੱਸ ਨਹੀਂ ਜੇਕਰ ਮੇਰੇ ਪਾਸ ਗੋਦੜੀ ਦੀ ਥਾਂ ਹੀਰੇ ਜਵਾਹਰਾਤ ਵੀ ਹੁੰਦੇ, ਤਦ ਵੀ ਮੈਂ ਆਪਣੇ ਜੀਵਨ ਨੂੰ ਹੀ ਉਨ੍ਹਾਂ ਤੋਂ ਵੱਧ ਕੀਮਤੀ ਸਮਝਣਾ ਸੀ....।"

........................................................

# ਬੱਚਿਆਂ ਦਾ ਪੰਨਾ

## ਸ਼ੁੱਧ ਪਾਠ ਦੀ ਮਹਾਨਤਾ

ਛੇਵੀਂ ਪਾਤਿਸ਼ਾਹੀ ਗੁਰੂ ਹਰਿਗੋਬਿੰਦ ਜੀ ਆਪਣੇ ਆਸਣ 'ਤੇ ਬਿਰਾਜਮਾਨ ਸਨ। ਅੱਜ ਜਪੁਜੀ ਸਾਹਿਬ ਦਾ ਪਾਠ ਸੁਣਨ ਨੂੰ ਜੀਅ ਕੀਤਾ। ਸਾਧ ਸੰਗਤ ਨੂੰ ਕਹਿਣ ਲੱਗੇ, "ਕੋਈ ਸਿੱਖ ਸ਼ੁੱਧ ਜਪੁਜੀ ਸਾਹਿਬ ਦਾ ਪਾਠ ਸੁਣਾਵੇ।" ਸੰਗਤ ਵਿੱਚੋਂ ਗੁਰੂ ਜੀ ਦਾ ਹੁਕਮ ਸੁਣ ਕੇ ਭਾਈ ਗੋਪਾਲਾ ਨਾਮ ਦਾ ਇੱਕ ਸਿੱਖ ਸਾਹਮਣੇ ਆ ਖੜ੍ਹਾ ਹੋਇਆ।

ਸਤਿਗੁਰੂ ਜੀ ਨੇ ਆਪਣੇ ਸਾਹਮਣੇ ਆਸਣ 'ਤੇ ਸਿੱਖ ਨੂੰ ਬਿਠਾ ਕੇ ਪਾਠ ਆਰੰਭ ਕਰਵਾਇਆ। ਇਹ ਸਿੱਖ ਬੜੇ ਪ੍ਰੇਮ ਨਾਲ, ਸੁੰਦਰ ਲੈਅ ਵਿਚ ਪਾਠ ਕਰ ਰਿਹਾ ਸੀ। ਸਤਿਗੁਰੂ ਜੀ ਅਤੇ ਸਾਰੀ ਸੰਗਤ ਪਾਠ ਸੁਣਕੇ ਪ੍ਰਸੰਨ ਹੋ ਰਹੇ ਸਨ। ਗੁਰੂ ਹਰਿ ਗੋਬਿੰਦ ਜੀ ਆਪਣੇ ਮਨ ਵਿਚ ਵਿਚਾਰ ਕਰਨ ਲੱਗੇ, ਇਸ ਸਿੱਖ ਨੂੰ ਸਭ ਤੋਂ ਉੱਤਮ ਪੁਰਸਕਾਰ ਦੇਣਾ ਚਾਹੀਦਾ ਹੈ।

ਸੋਚਦੇ-ਸੋਚਦੇ ਇਹ ਨਿਰਣਾ ਕੀਤਾ ਕਿ ਇਸ ਨੂੰ ਗੁਰੂ ਨਾਨਕ ਦੇਵ ਜੀ ਦੀ ਬਖਸ਼ੀ ਹੋਈ ਗੁਰਗੱਦੀ ਦੇ ਦਿੱਤੀ ਜਾਵੇ। ਹੌਲੀ-ਹੌਲੀ ਆਸਣ ਛੱਡਣ ਦੀ ਤਿਆਰੀ ਕਰਨ ਲੱਗੇ ।

ਓਧਰ ਸਿੱਖ ਦੇ ਮਨ ਵਿਚ ਵੀ ਪ੍ਰਸੰਨਤਾ ਵਧਦੀ ਜਾ ਰਹੀ ਸੀ, ਕਿ ਅੱਜ ਮੈਨੂੰ ਕੋਈ ਵਧੀਆ ਇਨਾਮ ਮਿਲੇਗਾ। ਸਾਹਮਣੇ, ਸਤਿਗੁਰੂ ਜੀ ਦੇ ਘੋੜੇ ਬੱਧੇ ਹੋਏ ਸਨ। ਸਿੱਖ ਦੇ ਮਨ ਵਿੱਚ ਆਇਆ ਕਿ ਜੇ ਇਨ੍ਹਾਂ ਵਿਚੋਂ ਉਹ ਸਭ ਤੋਂ ਕੀਮਤੀ ਘੋੜਾ ਮੈਨੂੰ ਮਿਲ ਜਾਵੇ ਤਾਂ ਬਹੁਤ ਆਨੰਦ ਆ ਜਾਵੇਗਾ।

ਸਤਿਗੁਰੂ ਜੀ, ਜੋ ਆਪਣਾ ਆਸਣ ਛੱਡ ਰਹੇ ਸਨ, ਫਿਰ ਆਸਣ 'ਤੇ ਬੈਠ ਗਏ ਕਿ ਸਿੱਖ ਨੇ ਆਪਣੇ ਪਸੰਦ ਦੀ ਚੀਜ਼ ਆਪ ਹੀ ਮੰਗ ਲਈ ਹੈ।

ਪਾਠ ਸਮਾਪਤ ਹੁੰਦਿਆਂ ਹੀ ਸਿੱਖ ਨੂੰ ਇੱਕ ਘੋੜਾ ਇਨਾਮ ਵਜੋਂ ਦੇ ਦਿੱਤਾ। ਹੁਕਮ ਕੀਤਾ "ਤੇਰਾ ਪਿਆਰ ਭਰਿਆ ਸ਼ੁਧ ਪਾਠ ਸੁਣਕੇ ਮੈਂ ਤਾਂ ਗੁਰਗੱਦੀ ਦੇਣ ਨੂੰ ਵੀ ਤਿਆਰ ਸੀ।"

..........................................................

# ਖ਼ਬਰਨਾਮਾ

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਅੱਸੂ ਦਾ ਮੇਲਾ

ਗੁਰਬਾਣੀ ਦਾ ਮਨੋਹਰ ਕੀਰਤਨ - ਕਥਾ - ਦੀਵਾਨ - ਸ਼ੁੱਧ ਗੁਰਬਾਣੀ ਪ੍ਰਤੀਯੋਗਤਾ - ਵਿਦਵਾਨਾਂ ਦੇ ਭਾਸ਼ਣ - ਆਨੰਦ ਕਾਰਜ - ਸਧਾਰਨ ਪਾਠਾਂ ਦੇ ਭੋਗ - ਸ੍ਰੀ ਸਤਿਗੁਰੂ ਜੀ ਦੇ ਪਾਵਨ ਪਵਿੱਤਰ ਦਰਸ਼ਨ - 10000 ਤੋਂ ਵੱਧ ਸੰਗਤ ਵੱਲੋਂ ਨਾਮ ਸਿਮਰਨ - 350 ਸਥਾਨਾਂ 'ਤੇ ਜਪ ਪ੍ਰਯੋਗ - ਸ੍ਰੀ ਸਤਿਗੁਰੂ ਜੀ ਦਾ ਪਵਿੱਤਰ ਉਪਦੇਸ਼

ਸ੍ਰੀ ਭੈਣੀ ਸਾਹਿਬ ਗੁਰੂਆਂ-ਪੀਰਾਂ ਦੀ ਧਰਤੀ ਹੈ ਇੱਥੇ ਇੱਕ ਨਹੀਂ ਪੰਜ ਗੁਰੂ ਸਾਹਿਬਾਨਾਂ ਦਾ ਪ੍ਰਕਾਸ਼ ਹੋਇਆ ਹੈ। ਇਹ ਧਰਤੀ ਕਿੰਨੀ ਮਹਾਨ ਹੋਵੇਗੀ ਗੁਰਬਾਣੀ ਵਿੱਚ ਆਉਂਦਾ ਹੈ- 'ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ॥'

ਹਰ ਸਾਲ ਜਪ ਪ੍ਰਯੋਗ ਤੋਂ ਬਾਅਦ ਚਾਰ-ਪੰਜ ਦਿਨਾਂ ਦਾ ਮੇਲਾ ਹੁੰਦਾ ਹੈ। ਇਸ ਵਾਰੀ ਇਹ ਮੇਲਾ 6 ਅਕਤੂਬਰ ਤੋਂ ਸ਼ੁਰੂ ਹੋ ਕੇ 10 ਅਕਤੂਬਰ ਨੂੰ ਸਮਾਪਤ ਹੋਇਆ।

**6.10.2020 ਮੇਲੇ ਦਾ ਪਹਿਲਾ ਦਿਨ–** ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਹਰਬੰਸ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਮਿਲ ਕੇ ਗਾਇਨ ਕੀਤਾ। ਸ਼ਬਦ ਸੀ- "ਨਾਨਕ ਜਿਨ ਕਉ ਸਤਿਗੁਰੁ ਮਿਲਿਆ ਤਿਨ ਕਾ ਲੇਖਾ ਨਿਬੜਿਆ॥"

ਅੱਜ ਪ੍ਰਯੋਗ ਦਾ ਭੋਗ ਸੀ। ਸਤਿਗੁਰੂ ਜੀ ਨੇ ਠੀਕ ਚਾਰ ਵਜੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਪ੍ਰਤਾਪ ਮੰਦਰ ਸੰਗਤ ਨਾਲ ਭਰਪੂਰ ਸੀ। ਅੱਜ ਅੱਸੂ ਦੇ ਮਹੀਨੇ ਦੇ ਜਪ ਪ੍ਰਯੋਗ ਦੀ ਸਮਾਪਤੀ ਹੋਈ ਅਤੇ ਅਗਲੇ ਸਾਲ ਦਾ ਜਪ ਪ੍ਰਯੋਗ ਆਰੰਭ ਹੋਇਆ। ਸਾਰੀ ਸੰਗਤ ਨੇ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਇਸ ਸਮੇਂ ਕੜਾਹ ਪ੍ਰਸ਼ਾਦ ਅਤੁੱਟ ਵਰਤਦਾ ਰਿਹਾ। ਸ੍ਰੀ ਸਤਿਗੁਰੂ ਜੀ ਨੇ ਚੰਡੀ ਦੀ ਵਾਰ ਦਾ ਪਾਠ ਕੀਤਾ ਅਤੇ ਆਸਾ ਦੀ ਵਾਰ ਦੀ ਸਮਾਪਤੀ ਹੋਈ ਸੂਬਾ ਬਲਵਿੰਦਰ ਸਿੰਘ ਨੇ ਅੱਜ ਦਿਨ ਦੇ ਦੀਵਾਨਾਂ ਦੀ ਅਨਾਊਂਸਮੈਂਟ ਕੀਤੀ।

ਹੱਲੇ ਦੇ ਦੀਵਾਨ- ਅੱਜ ਪ੍ਰਤਾਪ ਮੰਦਰ ਵਿੱਚ ਹੱਲੇ ਦੇ ਦੀਵਾਨ ਆਰੰਭ ਹੋਏ। ਸਭ ਤੋਂ ਪਹਿਲਾਂ ਜਥੇਦਾਰ ਬਲਬੀਰ ਸਿੰਘ ਜੀ ਨੇ ਦੀਵਾਨ ਸਜਾਇਆ। ਧਾਰਨਾ ਸੀ- "ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥" ਫਿਰ ਜਥੇਦਾਰ ਹਰਪਾਲ ਸਿੰਘ ਜੀ ਨੇ ਬਾਬਾ ਜਮੀਤ ਸਿੰਘ ਜੌਹਲ ਤੇ ਮਾਤਾ ਕਰਮੀ ਨੂੰ ਪੁੱਤਰ ਦੀ ਦਾਤ ਬਖ਼ਸ਼ੀ ਦਾ ਪ੍ਰਸੰਗ ਸੁਣਾਇਆ। ਉਹਨਾਂ ਦੀ ਧਾਰਨਾ ਸੀ- ਸਗਲ ਪਦਾਰਥ ਤਿਸੁ ਮਿਲੇ ਜਿਨਿ ਗੁਰੁ ਡਿਠਾ ਜਾਇ॥ ਫਿਰ ਸੰਤ ਗੁਰਬਚਨ ਸਿੰਘ ਚੰਡੀਗੜ੍ਹ ਵਾਲਿਆਂ ਨੇ ਆਪਣੇ ਸਮੇਂ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਉਪਕਾਰਾਂ ਦਾ ਵਰਣਨ ਕੀਤਾ। ਉਪਰੰਤ ਇੱਕ ਘੰਟਾ ਨਾਮ-ਸਿਮਰਨ ਤੋਂ ਬਾਅਦ ਹਜ਼ੂਰੀ ਰਾਗੀ ਸਿੰਘਾਂ ਨੇ ਕੀਰਤਨ ਗਾਇਨ ਕੀਤਾ।

ਰਾਤ ਦੇ ਦੀਵਾਨ- ਰਾਤ ਨੂੰ ਬੱਚਿਆਂ ਵਰਿੰਦਰ ਸਿੰਘ ਤੇ ਉਸਦੇ ਸਾਥੀਆਂ ਕਵੀਸ਼ਰੀ ਪ੍ਰਸੰਗ ਭਗਤ ਨਾਮਦੇਵ ਦਾ ਸੁਣਾਇਆ। ਇਹ ਜੱਥਾ ਕਵੀਸ਼ਰ ਗੁਰਸੇਵਕ ਸਿੰਘ ਨੇ ਤਿਆਰ ਕੀਤਾ ਸੀ। ਇਸ ਤੋਂ ਬਾਅਦ ਕਵੀਸ਼ਰ ਗੁਰਸੇਵਕ ਸਿੰਘ, ਮੱਲ ਸਿੰਘ ਤੇ ਸਾਥੀਆਂ ਨੇ ਮਿਲ ਕੇ ਕਵੀਸ਼ਰੀ ਕੀਤੀ। 'ਭੇਦ ਕੋਈ ਨਾ ਪਾਵੇ ਤੇਰਿਆ ਚੋਜਾਂ ਦਾ'।

**7.10.2020 ਮੇਲੇ ਦਾ ਦੂਸਰਾ ਦਿਨ–** ਅੱਜ ਆਸਾ ਦੀ ਵਾਰ ਦਾ ਕੀਰਤਨ ਬਹੁਤ ਹੀ ਰਸ ਭਿੰਨਾ ਫਗਵਾੜੇ ਵਾਲੀਆਂ ਬੀਬੀਆਂ ਦੇ ਜਥੇ ਨੇ ਵਾਰੇ ਦੇ ਰੂਪ ਵਿੱਚ ਕੀਤਾ। ਸ਼ਬਦ ਸਨ- " ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ", "ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥"

ਸ੍ਰੀ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦਿੱਤੇ। ਸਾਰੀ ਸੰਗਤ ਨੇ ਨਮਸਕਾਰ ਕੀਤੀ। ਵਾਰ ਦੀ ਸਮਾਪਤੀ ਉਪਰੰਤ ਅਰਦਾਸ ਕੀਤੀ ਗਈ ਤੇ ਫਿਰ ਹਰਪਾਲ ਸਿੰਘ ਸੇਵਕ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਕਾਰਾਂ, ਨਾਮ ਦੀ ਮਹੱਤਤਾ ਆਦਿ ਬਾਰੇ ਆਪਣੇ ਵਿਚਾਰ ਵਿਅਕਤ ਕੀਤੇ।

ਹੱਲੇ ਦੇ ਦੀਵਾਨ- ਅੱਜ ਮੇਲੇ ਦੇ ਦੂਸਰੇ ਦਿਨ ਸੂਬਾ ਸੰਦੀਪ ਸਿੰਘ ਜੀ ਨੇ ਹੱਲੇ ਦਾ ਦੀਵਾਨ ਸਜਾਇਆ। ਜ. ਪਿਆਰਾ ਸਿੰਘ ਜੀ ਨੇ ਉਨ੍ਹਾਂ ਦਾ ਸਾਥ ਦਿੱਤਾ। ਉਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਉਪਕਾਰਾਂ ਦਾ ਵਰਣਨ

ਕੀਤਾ। ਫਿਰ ਜ. ਨਿਸ਼ਾਨ ਸਿੰਘ ਦਿੱਲੀ ਵਾਲਿਆਂ ਨੇ "ਨਾਨਕ ਸੋਧੇ ਸਿੰਮ੍ਰਿਤ ਬੇਦ॥ ਪਾਰਬ੍ਰਹਮ ਗੁਰ ਨਾਹੀ ਭੇਦ॥" ਸ਼ਬਦ ਪੜ ਸਤਿਗੁਰੂ ਜਗਜੀਤ ਸਿੰਘ ਜੀ ਦਾ ਹਰ-ਜੱਸ ਕੀਤਾ। ਉਪਰੰਤ ਪੰਡਿਤ ਯਾਦਵਿੰਦਰ ਸਿੰਘ ਜੀ ਨੇ ਨਾਮ ਸਿਮਰਨ ਦੀ ਮਹਾਨਤਾ ਦਾ ਜ਼ਿਕਰ ਕੀਤਾ। ਉਹਨਾਂ ਨੇ ਦੱਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਿਸ ਤਰ੍ਹਾਂ ਸਾਡੇ ਉੱਪਰ ਮਹਾਨ ਕਿਰਪਾ ਕੀਤੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਨਾਮ ਨੂੰ ਘਰ ਘਰ ਤੱਕ ਪਹੁੰਚਾ ਦਿੱਤਾ। ਉਪਰੰਤ ਨਾਮ ਸਿਮਰਨ ਵਿੱਚ ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦਿੱਤੇ ਤੇ ਨਿੱਤਨੇਮ ਦੀ ਅਰਦਾਸ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦਾ ਟੇਪ ਉਪਦੇਸ਼ ਸਰਵਣ ਕੀਤਾ ਗਿਆ। ਹਜ਼ੂਰੀ ਰਾਗੀ ਸਿੰਘਾਂ ਨੇ ਕੀਰਤਨ ਕੀਤਾ "ਮੈ ਨਾਹੀ ਪ੍ਰਭ ਸਭ ਕਿਛੁ ਤੇਰਾ"

**ਰਾਤ ਦੇ ਦੀਵਾਨ-** ਰਾਤ ਦੇ ਦੀਵਾਨਾਂ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚਿਆਂ ਨੇ ਦੀਵਾਨ ਸਜਾਏ। ਮੁਸਕਾਨ ਕੌਰ ਨੇ ਭੁੱਲਰ ਜੱਟ ਪਰਿਵਾਰ ਦਾ ਪ੍ਰਸੰਗ ਸੁਣਾਇਆ ਕਿ ਕਿਸ ਤਰ੍ਹਾਂ ਉਨ੍ਹਾਂ 'ਤੇ ਸਤਿਗੁਰਾਂ ਨੇ ਕ੍ਰਿਪਾ ਕੀਤੀ। ਧਾਰਨਾ ਸੀ- ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ। ਫਿਰ ਗਿਆਨ ਕੌਰ ਨੇ 'ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ।' ਧਾਰਨਾ ਲਾ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਲ ਚੋਜ ਵਰਣਨ ਕੀਤੇ।

**8.10.2020 ਮੇਲੇ ਦਾ ਤੀਸਰਾ ਦਿਨ-** ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਤੇ ਸਾਥੀ ਰਾਗੀ ਹਰਪ੍ਰੀਤ ਸਿੰਘ, ਸਤਨਾਮ ਸਿੰਘ, ਈਸ਼ਰ ਸਿੰਘ ਤੇ ਗਿਆਨ ਸਿੰਘ ਨੇ ਮਿਲ ਕੇ ਗਾਇਨ ਕੀਤਾ। ਵਾਰ ਦੀ ਸਮਾਪਤੀ ਦੀ ਅਰਦਾਸ 6.15 'ਤੇ ਕੀਤੀ ਗਈ। ਉਪਰੰਤ ਦਿਨ ਦੇ ਦੀਵਾਨਾਂ ਦੀ ਅਨਾਉਸਮੈਂਟ ਹੋਈ। ਅੱਜ ਦੇ ਦੀਵਾਨ ਜਥੇਦਾਰ ਜਸਪਾਲ ਸਿੰਘ ਸੰਤਨਗਰ, ਜਥੇਦਾਰ ਮਨਜੀਤ ਸਿੰਘ ਰਾਗੀ ਅਤੇ ਜਥੇ. ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਲਾਉਣਗੇ, ਅਖਿਆ ਗਿਆ। ਉਪਰੰਤ ਸੰਤ ਨਿਸ਼ਾਨ ਸਿੰਘ ਜੀ ਨੇ ਦੱਸਿਆ ਕਿ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕੱਲ੍ਹ ਅਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਦਸਮ ਗਰੂ ਗ੍ਰੰਥ ਸਾਹਿਬ ਦੇ ਪਾਠਾਂ ਦਾ ਓਪਨ ਸ਼ੁੱਧ ਗੁਰਬਾਣੀ ਉਚਾਰਨ ਮੁਕਾਬਲਾ ਹੋਵੇਗਾ। ਅੱਜ ਗੁਰਬਾਣੀ ਦਾ ਪਾਠ ਸਿਖਾਉਣ ਵਾਲੇ ਤੇ ਸਿੱਖਣ ਵਾਲਿਆਂ ਦੀ ਹਰਿਮੰਦਰ ਵਿੱਚ 'ਗੁਰਬਾਣੀ ਵਿਚਾਰ ਗੋਸ਼ਟੀ' ਹੋਵੇਗੀ।

ਹੱਲੇ ਦੇ ਦੀਵਾਨ- ਪ੍ਰਤਾਪ ਮੰਦਰ ਵਿੱਚ ਦੁਪਹਿਰ ਵੇਲੇ ਸੰਤ ਜਸਪਾਲ ਸਿੰਘ ਸੰਤ ਨਗਰ ਵਾਲਿਆਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਇੰਗਲੈਂਡ ਵਿੱਚ ਮੀਂਹ ਪਾਉਣ ਦਾ ਪ੍ਰਸੰਗ ਸੁਣਾਇਆ। ਰਾਗੀ ਮਨਜੀਤ ਸਿੰਘ ਦਿੱਲੀ ਵਾਲਿਆਂ ਨੇ 'ਪਰਉਪਕਾਰੀ ਆਏ ਤੇਰੇ ਜਨ ਪਰਉਪਕਾਰੀ ਆਏ ਧਾਰਨਾ ਲਾ ਕੇ ਹਰ-ਜੱਸ ਕੀਤਾ। ਫਿਰ ਜ. ਗੁਰਲਾਲ ਸਿੰਘ ਨੇ ਹੱਲੇ ਦਾ ਦੀਵਾਨ ਸਜਾਇਆ। ਉਨ੍ਹਾਂ ਨੇ ਮਨ ਨੂੰ ਟਿਕਾਉਣ ਦੀ ਗੱਲ ਕੀਤੀ। ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਦੇ ਨਾਮ ਅਭਿਆਸ ਦਾ ਜ਼ਿਕਰ ਕੀਤਾ। ਬਾਬਾ ਬੁੱਢਾ ਸਿੰਘ ਜੀ ਦੀ ਸਾਖੀ ਸੁਣਾਈ ਜਿਨ੍ਹਾਂ ਨੇ ਨਾਮ ਜਪ ਕੇ ਤੂੰ ਤੇ ਮੈਂ ਖਤਮ ਕਰ ਲਈ ਸੀ। ਫਿਰ ਇੱਕ ਘੰਟਾ ਨਾਮ ਸਿਮਰਨ ਹੋਇਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪਵਿੱਤਰ ਟੇਪ ਉਪਦੇਸ਼ ਸਰਵਣ ਕੀਤਾ ਗਿਆ। ਇਸ ਤੋਂ ਬਾਅਦ ਹਜ਼ੂਰੀ ਰਾਗੀ ਸਿੰਘਾਂ ਨੇ ਕੀਰਤਨ ਗਾਇਨ ਕੀਤਾ "ਸਤਿਗੁਰੁ ਮੂਰਤਿ ਕਉ ਬਲਿ ਜਾਉ" ਸ਼ਬਦ ਪੜ੍ਹਿਆ ਗਿਆ।

**ਰਾਤ ਦੇ ਦੀਵਾਨ-** ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚਿਆਂ ਵੱਲੋਂ ਸਜਾਏ ਗਏ। ਬੇਅੰਤ ਕੌਰ ਨੇ "ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥" ਧਾਰਨਾ ਲਾ ਕੇ ਵਿਛੋੜੇ ਦੀ ਗੱਲ ਕੀਤੀ। ਕਾਕਾ ਮਹਿਤਾਬ ਸਿੰਘ ਨੇ 'ਗੁਰੂ ਜਗਜੀਤ ਸਿੰਘ ਤੇਰਾ ਜ਼ਮਾਨਾ ਯਾਦ ਆਤਾ ਹੈ' ਧਾਰਨਾ ਸੁਣਾ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਉਪਕਾਰਾਂ ਦੀ ਗੱਲ ਕੀਤੀ।

ਸ਼ਾਮ ਨੂੰ ਸ੍ਰੀ ਭੈਣੀ ਸਾਹਿਬ ਸਾਹਿਤ ਸਭਾ ਵੱਲੋਂ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵੱਖ-ਵੱਖ ਕਵੀ ਜਨਾਂ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਅੱਜ ਦੇ ਕਵੀ ਦਰਬਾਰ ਦੀ ਪ੍ਰਧਾਨਗੀ ਗੁਰਦੇਵ ਸਿੰਘ ਚੀਮਾ ਨੇ ਕੀਤੀ ਤੇ ਉਹਨਾਂ ਕਵੀਆਂ ਦੀ ਹੌਂਸਲਾਫ਼ਜਾਈ ਕੀਤੀ। ਕਵੀਸ਼ਰ ਗੁਰਸੇਵਕ ਸਿੰਘ, ਹਰਬੰਸ ਸਿੰਘ, ਬਲਵੰਤ ਸਿੰਘ, ਸੁਲੱਖਣ ਸਿੰਘ, ਸੂਬਾ ਬਲਵਿੰਦਰ ਸਿੰਘ, ਪ੍ਰੀਤਮ ਸਿੰਘ, ਵਿੱਕੀ, ਕਰਤਾਰ ਸਿੰਘ ਰਾਈਆਂ, ਮੱਲ ਸਿੰਘ, ਤਰਨ ਸਿੰਘ, ਗੁਰਮੀਤ ਸਿੰਘ, ਬੀਬੀ ਸ਼ਿੰਦਰ ਦਿੱਲੀ, ਸਵਿੰਦਰ ਸਿੰਘ ਲੁਧਿਆਣਾ ਆਦਿ ਕਵੀ ਜਨਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ 100 ਵੇਂ ਪ੍ਰਕਾਸ਼ ਵਰ੍ਹੇ ਨੂੰ ਸਮਰਪਿਤ ਕਵਿਤਾਵਾਂ ਪੇਸ਼ ਕੀਤੀਆਂ।

**9.10.2020 ਮੇਲੇ ਦਾ ਚੌਥਾ ਦਿਨ-** ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹਜ਼ੂਰੀ ਰਾਗੀ ਸਿੰਘਾਂ ਵੱਲੋਂ ਗਾਇਨ ਕੀਤਾ ਗਿਆ। ਜਪ ਪ੍ਰਯੋਗ ਦੀ ਅਰਦਾਸ ਤਿੰਨ ਵਜੇ ਸਵੇਰੇ ਕੀਤੀ ਗਈ। 3.45 ਤੇ ਆਸਾ ਦੀ ਵਾਰ ਦਾ ਕੀਰਤਨ

ਆਰੰਭ ਹੋਇਆ। ਸਤਿਗੁਰੂ ਜੀ ਨੇ ਪਾਵਨ ਪਵਿੱਤਰ ਦਰਸ਼ਨ ਦਿੱਤੇ। ਸਾਰੀ ਸੰਗਤ ਨੇ ਨਮਸਕਾਰ ਕਰਕੇ ਆਪਣਾ ਜਨਮ ਸਫਲਾ ਕੀਤਾ। ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਬੰਸ ਸਿੰਘ, ਅਜੇਪਾਲ ਸਿੰਘ, ਸਤਨਾਮ ਸਿੰਘ, ਈਸ਼ਰ ਸਿੰਘ, ਹਰਵਿੰਦਰ ਸਿੰਘ ਤੇ ਗਿਆਨ ਸਿੰਘ ਨੇ ਮਿਲ ਕੇ ਕੀਤਾ। ਸ਼ਬਦ ਸਨ- "ਭਿੰਨੀ ਰੈਨੜੀਏ ਚਾਮਕਨਿ ਤਾਰੇ॥" ਸਮਾਪਤੀ ਤੋਂ ਬਾਅਦ ਸੁਵਰਨ ਸਿੰਘ ਵਿਰਕ ਅੱਸੂ ਦੇ ਜਪ ਪ੍ਰਯੋਗ ਦਾ ਸੰਖੇਪ ਇਤਿਹਾਸ ਦੱਸਿਆ ਕਿ ਇਹ ਜਪ ਪ੍ਰਯੋਗ ਕਿਵੇਂ ਤੇ ਕਦੋਂ ਸ਼ੁਰੂ ਹੋਇਆ ?

ਹੱਲੇ ਦੇ ਦੀਵਾਨ- ਪ੍ਰਤਾਪ ਮੰਦਰ ਵਿੱਚ ਜਥੇਦਾਰ ਪ੍ਰੀਤਮ ਸਿੰਘ ਨੇ ਹੱਲੇ ਦਾ ਦੀਵਾਨ ਸਜਾਇਆ। ਧਾਰਨਾ ਸੀ- "ਸੇਵਕ ਕਉ ਨਿਕਟੀ ਹੋਇ ਦਿਖਾਵੈ॥" ਉਨ੍ਹਾਂ ਨੇ ਸਤਿਗੁਰੂ ਦੀ ਕਿਰਪਾ ਦੀ ਗੱਲ ਕੀਤੀ ਕਿ ਕਿਸ ਤਰ੍ਹਾਂ ਸਤਿਗੁਰੂ ਆਪਣੇ ਸਿੱਖਾਂ-ਸੇਵਕਾਂ ਦੀ ਰੱਖਿਆ ਕਰਦਾ ਹੈ। ਫਿਰ ਸੁਰਜੀਤ ਸਿੰਘ ਮੁਸਤਫਾਪੁਰ ਨੇ "ਭਾਰੀ ਕਰੀ ਤਪਸਿਆ ਵਡੈ ਭਾਗ ਹਰਿ ਸਿਉ ਬਨਿ ਆਈ॥" ਧਰਨਾ ਲਾ ਕੇ ਜਪ ਪ੍ਰਯੋਗ ਦੀ ਮਹਾਨਤਾ ਦੀ ਗੱਲ ਕੀਤੀ। ਫੇਰ ਜਥੇਦਾਰ ਕਮਾਲ ਸਿੰਘ ਨੇ ਹੱਲੇ ਦਾ ਦੀਵਾਨ ਸਜਾਇਆ। ਉਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖ਼ਸ਼ਿਸ਼ਾਂ ਦਾ ਵਰਨਣ ਵਿਸਥਾਰ ਵਿੱਚ ਕੀਤਾ। ਉਪਰੰਤ ਇੱਕ ਘੰਟਾ ਨਾਮ-ਸਿਮਰਨ ਤੇ ਕੀਰਤਨ ਹੋਇਆ।

ਰਾਤ ਦੇ ਦੀਵਾਨ- ਜਥੇਦਾਰ ਗੁਰਚਰਨ ਸਿੰਘ ਮੁਹਾਵਾ ਨੇ 'ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰੁ ਕਾ ਮਨੁ ਮੰਨੇ' ਧਰਨਾ ਲਾ ਕੇ ਭਾਈ ਮੰਝ ਦਾ ਪ੍ਰਸੰਗ ਸੁਣਾਇਆ। ਫਿਰ ਜਥੇਦਾਰ ਬਲਦੇਵ ਸਿੰਘ ਨੇ ਸਤਿਗੁਰੂ ਦਾ ਹਰ-ਜੱਸ ਕੀਤਾ। ਉਪਰੰਤ ਜਸਵੰਤ ਸਿੰਘ ਮਸਤ ਨੇ ਆਪਣੇ ਸਮੇਂ ਵਿੱਚ ਸ਼ਬਦ ਹਜਾਰੇ ਪਾਤਸ਼ਾਹੀ ਦਸਵੀਂ ਅਤੇ ਦਸਮ ਗ੍ਰੰਥ ਬਾਰੇ ਆਪਣਾ ਵਿਖਿਆਨ ਦਿੱਤਾ।

**10.10.2020 ਮੇਲੇ ਦਾ ਆਖਰੀ ਦਿਨ-** ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਹਰਬੰਸ ਸਿੰਘ, ਸੰਤ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਸਰਮੁੱਖ ਸਿੰਘ, ਈਸ਼ਰ ਸਿੰਘ, ਹਰਵਿੰਦਰ ਸਿੰਘ, ਸਤਨਾਮ ਸਿੰਘ ਤੇ ਸਾਥੀ ਰਾਗੀ ਸਿੰਘਾਂ ਨੇ ਮਿਲ ਕੇ ਗਾਇਨ ਕੀਤਾ। ਅੱਜ ਮੇਲੇ ਦਾ ਆਖਰੀ ਦਿਨ ਸੀ। ਅੱਜ ਸੰਗਤ ਦੂਰ ਨੇੜਿਓਂ ਪਹੁੰਚ ਚੁੱਕੀ ਸੀ। ਸਿਮਰਤੀ ਮੰਦਰ ਸੰਗਤ ਨਾਲ ਭਰਪੂਰ ਸੀ, ਜਿਵੇਂ-ਜਿਵੇਂ ਸੂਰਜ ਉਦੇ ਹੋਣ ਦਾ ਸਮਾਂ ਆ ਰਿਹਾ ਸੀ, ਰਾਗੀ ਸਿੰਘਾਂ ਦੇ ਸੰਗੀਤ ਦੀਆਂ ਸੁਰਾਂ ਵੀ ਉੱਚੀਆਂ ਹੋ ਰਹੀਆਂ ਸਨ। ਅੱਜ ਦੋ ਜੋੜਿਆਂ ਦੇ ਆਨੰਦ ਕਾਰਜ ਹੋਏ। ਇਸ ਸਮੇਂ 266 ਸੁਧਾਰਨ ਪਾਠਾਂ ਦੇ ਭੋਗ ਪਾਏ ਗਏ। ਸ੍ਰੀ ਦਸਮ ਗ੍ਰੰਥ ਦੇ ਤਿੰਨ ਪਾਠਾਂ ਦੇ ਭੋਗ ਪਾਏ ਗਏ। ਲਾਵਾਂ ਤੇ ਸਲੋਕ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚਿਆਂ ਨੇ ਪੜ੍ਹੇ। ਇਸ ਸਮੇਂ ਸਤਿਗੁਰੂ ਜੀ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦੇ ਮੁਕਾਬਲਿਆਂ ਵਿੱਚ ਅੱਵਲ ਰਹਿਣ ਵਾਲੇ ਬੱਚਿਆਂ ਨੂੰ ਇਨਾਮ ਦੇਣ ਦੀ ਕਿਰਪਾ ਕੀਤੀ। ਉਪਰੰਤ ਸਤਿਗੁਰੂ ਜੀ ਨੇ ਸਾਧ ਸੰਗਤ ਨੂੰ ਪਵਿੱਤਰ ਉਪਦੇਸ਼ ਦੇ ਕੇ ਨਿਹਾਲ ਕੀਤਾ।

ਮੇਲੇ ਦੌਰਾਨ ਮਾਤਾ ਗੁਰਸ਼ਰਨ ਕੌਰ ਜੀ ਹਰ ਰੋਜ਼ ਲੰਗਰ ਦੀ ਸੇਵਾ ਕਰਦੇ ਅਤੇ ਕਰਵਾਉਂਦੇ ਰਹੇ। ਲੰਗਰ ਵਿੱਚ ਵੱਖ-ਵੱਖ ਪਕਵਾਨ ਤਿਆਰ ਹੁੰਦੇ ਰਹੇ ਤੇ ਲੰਗਰ ਅਤੁੱਟ ਵਰਤਦਾ ਰਿਹਾ। ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਅੱਸੂ ਦੇ ਮਹੀਨੇ ਦਾ ਜਪ ਪ੍ਰਯੋਗ ਦਾ ਮੇਲਾ ਨਿਰਵਿਘਨਤਾ ਸਹਿਤ ਸੰਪੰਨ ਹੋਇਆ। ਸਤਿਗੁਰੂ ਜੀ ਨੇ ਸਾਰਿਆਂ ਨੂੰ ਖੁਸ਼ੀਆਂ ਬਖ਼ਸ਼ੀਆਂ।

**– ਪ੍ਰਧਾਨ ਗੁਰਦੇਵ ਸਿੰਘ ਚੀਮਾ**

## ਉੱਘੇ ਸਾਹਿਤ ਚਿੰਤਕ ਡਾ. ਕੁਲਦੀਪ ਸਿੰਘ ਧੀਰ ਦਾ ਦੇਹਾਂਤ

ਪੰਜਾਬੀ ਦੇ ਉੱਘੇ ਲੇਖਕ ਡਾ. ਕੁਲਦੀਪ ਸਿੰਘ ਧੀਰ ਦਾ 16 ਅਕਤੂਬਰ ਨੂੰ ਦਿਹਾਂਤ ਹੋ ਗਿਆ। ਡਾ. ਧੀਰ ਦਾ ਜਨਮ 15 ਨਵੰਬਰ 1943 ਨੂੰ ਬਹਾਉਦੀਨ ਜ਼ਿਲ੍ਹਾ ਗੁਜਰਾਂਵਾਲਾ ਅੱਜ ਕੱਲ੍ਹ ਪਾਕਿਸਤਾਨ ਵਿਖੇ ਹੋਇਆ। ਉਹਨਾਂ ਨੇ 1966 ਈ. ਵਿੱਚ ਮਕੈਨੀਕਲ ਇੰਜਨੀਅਰਿੰਗ ਦੀ ਡਿਗਰੀ ਲੈਣ ਤੋਂ ਬਾਅਦ ਪੰਜਾਬੀ ਵੱਲ ਰੁਖ ਕਰਦਿਆਂ ਪੰਜਾਬੀ ਦੀ ਪੀ.ਐੱਚ.ਡੀ. ਕੀਤੀ। ਉਹ ਪੰਜਾਬੀ ਯੂਨੀਵਰਸਿਟੀ ਵਿੱਚ ਪ੍ਰਮੁੱਖ ਅਹੁਦਿਆਂ- ਮੁਖੀ ਪੰਜਾਬੀ ਵਿਭਾਗ, ਡੀਨ ਅਕਾਦਮਿਕ ਆਦਿ 'ਤੇ ਤਾਇਨਾਤ ਰਹੇ। ਡਾਕਟਰ ਧੀਰ ਅਕਸਰ ਗਿਆਨ-ਵਿਗਿਆਨ ਤੇ ਸਿੱਖ ਧਰਮ ਆਦਿ ਬਾਰੇ ਲਿਖਦੇ ਅਤੇ ਅਖ਼ਬਾਰਾਂ ਵਿੱਚ ਆਮ ਹੀ ਛਪਦੇ ਰਹਿੰਦੇ ਸਨ। ਉਨ੍ਹਾਂ ਨੇ 40 ਦੇ ਕਰੀਬ ਪੁਸਤਕਾਂ ਲਿਖੀਆਂ। ਉਨ੍ਹਾਂ ਨੂੰ ਹੋਰਨਾਂ ਇਨਾਮਾਂ ਤੋਂ ਇਲਾਵਾ ਪੰਜਾਬ ਸਰਕਾਰ ਦਾ 'ਸ਼੍ਰੋਮਣੀ ਪੰਜਾਬੀ ਲੇਖਕ' ਦਾ ਸਨਮਾਨ ਵੀ ਪ੍ਰਾਪਤ ਹੋਇਆ। ਅਦਾਰਾ ਸਤਿਜੁਗ ਉਨ੍ਹਾਂ ਦੇ ਤੁਰ ਜਾਣ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੈ।

**– ਜਸਵੰਤ ਸਿੰਘ ਮਸਤ**

# ਗੁਰਬਾਣੀ ਵਿਚਾਰ ਗੋਸ਼ਟੀ

8.10.2020- ਅੱਜ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਵਿਖੇ 'ਗੁਰਬਾਣੀ ਵਿਚਾਰ ਗੋਸ਼ਟੀ' ਦਾ ਆਯੋਜਨ ਕੀਤਾ ਗਿਆ। ਇਹ ਵਿਚਾਰ ਗੋਸ਼ਟੀ ਨਾਮਧਾਰੀ ਪੰਥ ਦੇ ਪ੍ਰਸਿੱਧ ਗੁਰਬਾਣੀ ਗਿਆਤਾ ਸੰਤ ਨਿਸ਼ਾਨ ਸਿੰਘ ਜੀ ਕਥਾਵਾਚਕ ਹੋਰਾਂ ਦੀ ਅਗਵਾਈ ਵਿੱਚ ਸਵੇਰੇ 8.30 ਤੋਂ 10.30 ਤੱਕ ਹਰੀਮੰਦਰ ਵਿਖੇ ਕੀਤੀ ਗਈ। ਇਸ ਵਿਚਾਰ ਗੋਸ਼ਟੀ ਵਿੱਚ ਸੰਤ ਨਿਸ਼ਾਨ ਸਿੰਘ ਜੀ ਤੋਂ ਇਲਾਵਾ ਸੰਤ ਬਚਿੱਤਰ ਸਿੰਘ ਜੀ, ਪ੍ਰਸਿੱਧ ਪਾਠੀ ਸੰਤ ਗੁਰਨਾਮ ਸਿੰਘ ਬਟਾਲਾ, ਕਵੀਸ਼ਰ ਗੁਰਸੇਵਕ ਸਿੰਘ, ਅਮਰੀਕ ਸਿੰਘ ਕਥਾਵਾਚਕ, ਰਾਗੀ ਸ਼ਾਮ ਸਿੰਘ, ਜਥੇਦਾਰ ਨਿਸ਼ਾਨ ਸਿੰਘ ਦਿੱਲੀ, ਗੁਰਭਗਤ ਸਿੰਘ, ਪ੍ਰਧਾਨ ਗੁਰਪ੍ਰੀਤ ਸਿੰਘ, ਜਥੇਦਾਰ ਹਰਪਾਲ ਸਿੰਘ, ਪਾਠੀ ਹਜ਼ੂਰਾ ਸਿੰਘ, ਪਾਠੀ ਗੁਰਮੀਤ ਸਿੰਘ ਐੱਮ.ਪੀ. ਆਦਿ ਸਮੂਹ ਪਾਠੀ ਸਾਹਿਬਾਨ ਹਾਜ਼ਰ ਸਨ।

ਇਸ ਵਿਚਾਰ ਚਰਚਾ ਵਿੱਚ ਗੁਰਬਾਣੀ ਪਾਠਾਂ ਦੇ ਭੇਦਾਂ ਬਾਰੇ ਚਰਚਾ ਕੀਤੀ ਗਈ ਕਿਉਂਕਿ ਬਾਜ਼ਾਰ ਵਿੱਚ ਮਿਲਦੀਆਂ ਸੈਂਚੀਆਂ ਵਿੱਚ ਗੁਰਬਾਣੀ ਦੇ ਸ਼ਬਦ-ਜੋੜਾਂ ਦੇ ਅਰਥਾਂ ਅਨੁਸਾਰ ਵੱਖ-ਵੱਖ ਪਾਠ ਭੇਦ ਪਾਏ ਜਾਂਦੇ ਹਨ। ਉਦਾਹਰਨ ਦੇ ਤੌਰ ਤੌਰ 'ਤੇ

"ਮੰਨੈ ਤਰੈ ਤਾਰੇ ਗੁਰੁ ਸਿਖ"

ਵਾਲੀ ਤੁਕ 'ਤੇ ਵੀ ਵਿਚਾਰ ਹੋਈ, ਤੇ ਵਿਚਾਰਿਆ ਗਿਆ ਕਿ 'ਗੁਰੁਸਿਖ' ਸ਼ਬਦ ਨੂੰ 'ਗੁਰੁ' ਤੇ 'ਸਿਖ' ਨੂੰ ਵੱਖ-ਵੱਖ ਪੜ੍ਹਿਆ ਜਾਏ ਜਾਂ ਫਿਰ ਇਕੱਠ-ਇਕੱਠੇ ਹੀ 'ਗੁਰੁਸਿਖ' ਸ਼ਬਦ ਪੜ੍ਹਿਆ ਜਾਏ। ਫਿਰ ਵਿਆਕਰਨ ਅਨੁਸਾਰ ਵਿਚਾਰਿਆ ਗਿਆ ਕਿ ਗੁਰਬਾਣੀ ਦੀ ਉਪਰੋਕਤ ਤੁਕ ਵਿੱਚ ਦੋ ਕਿਰਿਆਵਾਂ ਹਨ 'ਤਰੈ' ਤੇ 'ਤਾਰੇ' ਇਸ ਲਈ ਇਸ ਦੇ ਕਰਤੇ ਵੀ ਦੋ ਹੋਣਗੇ 'ਗੁਰੁ' ਤੇ 'ਸਿਖ' ਵੱਖਰੇ-ਵੱਖਰੇ। ਨਤੀਜੇ ਵਜੋਂ ਫ਼ੈਸਲਾ ਹੋਇਆ ਕਿ 'ਗੁਰੁ' ਤੇ 'ਸਿਖ' ਅਲੱਗ-ਅਲੱਗ ਪੜ੍ਹਨੇ ਚਾਹੀਦੇ ਹਨ। ਹੋਰ ਵੀ ਬਹੁਤ ਸਾਰੀਆਂ ਗੁਰਬਾਣੀ ਦੀਆਂ ਤੁਕਾਂ 'ਤੇ ਚਰਚਾ ਹੋਈ, ਜਿਨ੍ਹਾਂ ਵਿੱਚੋਂ ਕੁਝ ਕੁ ਹੇਠ ਲਿਖੀਆਂ ਹਨ-

ਅਸੰਖ ਗਲਵਢ ਹਤਿਆ ਕਮਾਹਿ॥

ਇਸ 'ਤੇ ਵਿਚਾਰ ਹੋਈ ਕਿ ਇਸ ਦਾ ਅਰਥ 'ਗਲ ਵੱਢ ਕੇ' ਨਹੀਂ ਹੋ ਸਕਦਾ ਕਿਉਂਕਿ ਇੱਥੇ ਪ੍ਰਕਰਣ ਅਨੁਸਾਰ 'ਗਲਵਢ' ਦਾ ਅਰਥ ਕਸਾਈ ਹੈ। ਇਸ ਲਈ 'ਗਲਵਢ' ਪਾਠ ਇਕੱਠਾ ਕੀਤਾ ਜਾਏ। ਇਸੇ ਤਰ੍ਹਾਂ-

- ਪਾਣੀ ਧੋਤੈ ਉਤਰਸੁ ਖੇਹ
- ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥
- ਪੰਕਜੁ ਮੋਹ ਪਗੁ ਨਹੀ ਚਾਲੈ...
- ਸਹਸ ਤਵ ਨੈਨ ਨਨ ਨੈਨ......

ਆਦਿ ਤੁਕਾਂ 'ਤੇ ਵਿਚਾਰ ਚਰਚਾ ਹੋਈ।

**-ਗੁਰਪ੍ਰੀਤ ਸਿੰਘ ਪ੍ਰਧਾਨ**

...................................................

# ਸ਼ੁੱਧ ਗੁਰਬਾਣੀ ਪਾਠ ਮੁਕਾਬਲਾ

9.10.2020- ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਨਾਲ ਸਮੇਂ-ਸਮੇਂ ਤੇ ਪਾਠ ਮੁਕਾਬਲੇ ਕਰਵਾਏ ਜਾ ਰਹੇ ਹਨ, ਤਾਂ ਜੋ ਬੱਚੇ ਗੁਰਬਾਣੀ ਨੂੰ ਸ਼ੁੱਧ ਰੂਪ ਵਿੱਚ ਪੜ੍ਹਨ। ਇਸ ਦੇ ਲਈ ਨਾਮਧਾਰੀ ਦਰਬਾਰ ਵੱਲੋਂ ਗੁਰਬਾਣੀ ਸਿਖਲਾਈ ਦਾ ਵੀ ਉਚੇਚੇ ਤੌਰ 'ਤੇ ਪ੍ਰਬੰਧ ਕੀਤਾ ਗਿਆ ਹੈ। ਇਸ ਸਿਲਸਿਲੇ ਦੇ ਅੰਤਰਗਤ ਅੱਜ ਫਿਰ ਆਦਿ ਬਾਣੀ ਤੇ ਦਸਮ ਬਾਣੀ ਦੇ ਪਾਠ ਮੁਕਾਬਲੇ ਭਾਈਆਂ ਅਤੇ ਬੀਬੀਆਂ ਦੇ ਵੱਖਰੇ-ਵੱਖਰੇ ਤੌਰ 'ਤੇ ਕਰਵਾਏ ਗਏ। ਓਪਨ ਆਦਿ ਬਾਣੀ ਪਾਠ ਮੁਕਾਬਲੇ ਦੇ ਜੱਜ ਹੇਠ ਲਿਖੇ ਸਨ-

ਸੰਤ ਨਿਸ਼ਾਨ ਸਿੰਘ ਜੀ ਕਥਾਵਾਚਕ, ਸੰਤ ਬਚਿੱਤਰ ਸਿੰਘ ਜੀ ਬੀੜ, ਰਾਗੀ ਸ਼ਾਮ ਸਿੰਘ, ਸੰਤ ਗੁਰਨਾਮ ਸਿੰਘ ਬਟਾਲਾ, ਪ੍ਰਧਾਨ ਗੁਰਪ੍ਰੀਤ ਸਿੰਘ ਅਤੇ ਮੰਚ ਸੰਚਾਲਕ ਕਵੀਸ਼ਰ ਗੁਰਸੇਵਕ ਸਿੰਘ।

"ਸੋਈ ਨਾਮੁ ਸਿਵਰਿ ਨਵ ਨਾਥ ਨਿਰੰਜਨ ......... ਤੋਂ ਲੈ ਕੇ...... ਅਮਰਦਾਸ ਗੁਰ ਕਉ ਫੁਰਿਆ" ਤੱਕ ਪਾਠ ਸੁਣਿਆ ਗਿਆ। ਇਸ ਮੁਕਾਬਲੇ ਦੇ ਜੇਤੂਆਂ ਦੇ ਨਾਮ ਹੇਠ ਲਿਖੇ ਹਨ-

1. ਅਮਰੀਕ ਸਿੰਘ ਕਥਾਵਾਚਕ
2. ਸਰਬਜੀਤ ਸਿੰਘ ਪਾਠੀ
3. ਬਲਜੀਤ ਸਿੰਘ ਸਪੁੱਤਰ ਬਿਧੀ ਸਿੰਘ

ਫਿਰ ਬੀਬੀਆਂ ਤੋਂ ਪਾਠ ਸੁਣਿਆ ਗਿਆ। ਪਾਠ ਸੀ- "ਦਸ ਬਾਲਤਣਿ ਬੀਸ ਰਵਣਿ...... ਤੋਂ ਲੈ ਕੇ......

ਧੂਏ ਕਾ ਧਵਲਹਰ" ਤੱਕ। ਜੇਤੂ ਬੀਬੀਆਂ ਦੇ ਨਾਮ ਹੇਠ ਲਿਖੇ ਹਨ-

1. ਬਲਜੀਤ ਕੌਰ ਸੁਪਤਨੀ ਦਰਸ਼ਨ ਸਿੰਘ
2. ਮੁਸਕਾਨ ਕੌਰ ਸਪੁੱਤਰੀ ਧਰਮਪਾਲ ਸਿੰਘ
3. ਨਵਨੀਤ ਕੌਰ ਸਪੁੱਤਰੀ ਸ਼ਮਸ਼ੇਰ ਸਿੰਘ ਲੁਧਿਆਣਾ

ਫਿਰ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਸ਼ੁੱਧ ਉਚਾਰਨ ਪਾਠ ਮੁਕਾਬਲਾ ਕਰਵਾਇਆ ਗਿਆ। ਇਸ ਵਿੱਚ ਭਾਈਆਂ ਤੋਂ ਤ੍ਰਿੜਕਾ ਛੰਦ ਅਤੇ ਬੀਬੀਆਂ ਤੋਂ ਤ੍ਰਿਣਣਿਣ ਛੰਦ ਸੁਣਿਆ ਗਿਆ। ਇਸ ਮੁਕਾਬਲੇ ਦੇ ਜੱਜ ਹੇਠ ਲਿਖੇ ਸਨ-

ਸੰਤ ਨਿਸ਼ਾਨ ਸਿੰਘ ਕਥਾਵਾਚਕ, ਸੰਤ ਬਚਿੱਤਰ ਸਿੰਘ ਬੀੜ, ਰਾਗੀ ਬਲਵੰਤ ਸਿੰਘ।

**ਇਸ ਮੁਕਾਬਲੇ ਵਿੱਚ ਜੇਤੂਆਂ ਦੇ ਨਾਮ ਹੇਠ ਲਿਖੇ ਹਨ-**

**ਭਾਈ-**

1. ਪ੍ਰਧਾਨ ਗੁਰਪ੍ਰੀਤ ਸਿੰਘ
2. ਅਮਰੀਕ ਸਿੰਘ ਕਥਾਵਾਚਕ
3. ਬਲਜੀਤ ਸਿੰਘ ਸਪੁੱਤਰ ਬਿਧੀ ਸਿੰਘ

**ਬੀਬੀਆਂ-**

1. ਨਵਰਾਜ ਕੌਰ ਸਪੁੱਤਰੀ ਸੰਤ ਨਿਸ਼ਾਨ ਸਿੰਘ ਕਥਾਵਾਚਕ
2. ਸੁਖਵਿੰਦਰ ਕੌਰ ਸੁਪਤਨੀ ਸੂਰਤ ਪਾਲ ਸਿੰਘ ਫੋਟੋਗ੍ਰਾਫਰ
3. ਰਣਜੀਤ ਕੌਰ ਪੰਜਾਬ ਪੁਲਿਸ ਸੁਪਤਨੀ ਸਵਰਨ ਸਿੰਘ

**-ਗੁਰਪ੍ਰੀਤ ਸਿੰਘ**

..................................................

## ਲੰਮੇ ਸਮੇਂ ਬਾਅਦ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਿੱਲੀ ਵਿਖੇ ਦਰਸ਼ਨ

ਭਾਵੇਂ ਸਿੱਖੀ ਅਕੀਦੇ ਨਾਲ ਸਿੱਖ ਪੂਰੀ ਤਰ੍ਹਾਂ ਜਾਣੂ ਹੋਵੇ ਤਾਂ ਵੀ ਕਲਯੁਗ ਦਾ ਪ੍ਰਭਾਵ ਮਨ ਦੀ ਅਵਸਥਾ ਨੂੰ ਡਾਵਾਂਡੋਲ ਕਰਦਾ ਰਹਿੰਦਾ ਹੈ। ਪਰੰਤੂ ਗੁਰੂ ਦੇ ਦਰਸ਼ਨ ਕਰਕੇ, ਸਿੱਖ ਦੇ ਮਨ ਦੀ ਅਵਸਥਾ ਫਿਰ ਤੋਂ ਸਿੱਖੀ ਦੀ ਸਿਖਰ 'ਤੇ ਪਹੁੰਚ ਜਾਂਦੀ ਹੈ।

ਦੁਨੀਆਂ ਭਰ ਵਿਚ ਕਰੋਨਾ ਮਹਾਂਮਾਰੀ ਦੇ ਕਰਕੇ ਹੋਈ ਤਾਲਾਬੰਦੀ ਨੇ ਨਾਮਧਾਰੀ ਸੰਗਤ ਦਿੱਲੀ ਨੂੰ ਗੁਰੂ ਦੇ ਪ੍ਰਤੱਖ ਦਰਸ਼ਨ ਤੋਂ ਵਾਂਝਾ ਰੱਖਿਆ। ਭਾਵੇਂ ਸਾਧ ਸੰਗਤ ਰੋਜ਼ਾਨਾ ਅੰਮ੍ਰਿਤ ਵੇਲੇ ਇੰਟਰਨੈਟ ਰਾਹੀਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ ਕਰ ਲੈਂਦੀ ਸੀ, ਪ੍ਰੰਤੂ ਨੇਤਰਾਂ ਰਾਹੀਂ ਗੁਰੂ ਦੇ ਨੇਤਰਾਂ 'ਚੋਂ ਵਰ੍ਹਦੀ ਪ੍ਰੇਮ-ਧਾਰਾ ਦਾ ਅਨੰਦ ਮਾਨਣਾ ਹਾਸਲ ਨਾ ਹੁੰਦਾ। ਸਮੂਹ ਸਾਧ ਸੰਗਤ ਦੀ ਭਾਵਨਾ ਨੂੰ ਫਲ ਲਾਉਂਦਿਆ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 10 ਅਕਤੂਬਰ ਨੂੰ ਸ਼ਾਮ ਦੇ ਦੀਵਾਨ ਅਤੇ 11 ਅਕਤੂਬਰ ਨੂੰ ਸਵੇਰੇ ਆਸਾ ਦੀ ਵਾਰ ਵਿੱਚ ਦਿੱਲੀ ਵਿਖੇ ਦਰਸ਼ਨ ਦਿੱਤੇ। ਮਿਤੀ 10 ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਾਤਾ ਗੁਰਸ਼ਰਨ ਕੌਰ ਜੀ ਅਤੇ ਸੇਵਕਾਂ ਸਹਿਤ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਸ਼ਾਮ ਪੰਜ ਵਜੇ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਦਰਸ਼ਨ ਦਿੱਤੇ। ਦੁੱਧ ਚਿੱਟੇ ਸੋਹਣੇ ਪੰਡਾਲ ਵਿੱਚ ਜਥੇਦਾਰ ਨਿਸ਼ਾਨ ਸਿੰਘ ਨੇ ਆਪਣੇ ਜਥੇ ਨਾਲ ਹਲੇ ਦਾ ਦੀਵਾਨ ਸਜਾਇਆ ਹੋਇਆ ਸੀ। covid ਦੇ ਸੰਕ੍ਰਮਣ ਤੋਂ ਬਚਾਅ ਲਈ ਵਿਸ਼ੇਸ਼ ਹਿਦਾਇਤਾਂ ਨਾਲ ਪ੍ਰਬੰਧਕਾਂ ਵੱਲੋਂ ਤਿਆਰ ਕੀਤੀ ਗਈ ਰੂਪਰੇਖਾ ਅਨੁਸਾਰ ਦਿੱਲੀ ਦੀ ਤਕਰੀਬਨ 1800 ਤੋਂ ਵੱਧ ਸਾਧ ਸੰਗਤ ਕਤਾਰ ਬੱਧ ਹੋ ਕੇ ਆਪਸੀ ਦੂਰੀ ਨੂੰ ਬਰਕਰਾਰ ਰੱਖਦਿਆਂ ਪੰਡਾਲ ਚ ਪ੍ਰਵੇਸ਼ ਕਰਦੀ ਰਹੀ ਅਤੇ ਦਰਸ਼ਨ ਕਰਕੇ ਬਾਹਰ ਚਲੀ ਜਾਂਦੀ। ਇਸ ਸਾਰੇ ਪ੍ਰਕਰਣ ਨੂੰ ਡੇਢ ਘੰਟੇ ਤੋਂ ਵੱਧ ਦਾ ਸਮਾਂ ਲੱਗ ਗਿਆ, ਉਪਰੰਤ ਸਤਿਗੁਰੂ ਜੀ ਨੇ ਅਰਜ਼ ਕਰਨ ਆਈ ਸੰਗਤ ਦੀਆਂ ਅਰਜ਼ਾਂ ਸੁਣੀਆਂ। ਕਿਸੇ ਨੂੰ ਬਖਸ਼ਿਸ਼ ਦਾ ਵਰ ਦਿੱਤਾ, ਕਿਸੇ ਨੂੰ ਹਸਪਤਾਲ ਵਿਖਾਉਣ ਦੀ ਸਲਾਹ ਅਤੇ ਕਿਸੇ ਨੂੰ ਨਾਮ ਦੀ ਅਉਖਧ ਦਿੱਤੀ। ਦੀਵਾਨ ਦੀ ਅਰਦਾਸ ਤੋਂ ਬਾਅਦ ਸਵਰਗੀ ਜਸਬੀਰ ਸਿੰਘ AGT ਵਾਲਿਆਂ ਦੇ ਪਰਿਵਾਰ ਨੂੰ ਦਰਸ਼ਨ ਦੇ ਕੇ ਨਿਹਾਲ ਕਰ k17 ਰਾਜੌਰੀ ਗਾਰਡਨ ਜਾ ਕੇ ਡੇਰਾ ਕੀਤਾ।

ਮਿਤੀ 11 ਅਕਤੂਬਰ ਨੂੰ ਆਸਾ ਦੀ ਵਾਰ ਦਾ ਕੀਰਤਨ ਰਾਗੀ ਈਸ਼ਰ ਸਿੰਘ ਨੇ ਆਪਣੇ ਜਥੇ ਨਾਲ ਕੀਤਾ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਾਢੇ ਚਾਰ ਵਜੇ ਦਰਸ਼ਨ ਦੇ ਆਸਣ ਤੇ ਸੁਭਾਏਮਾਨ ਹੋ ਸਾਧ ਸੰਗਤ ਗੁਰੁ-ਚਰਨਾਂ ਵਿਚ ਨਮਸਕਾਰ ਕਰ ਦੂਰੀ ਬਣਾ ਕੇ ਹਾਲ 'ਚ ਬੈਠਦੀ ਰਹੀ। ਆਸਾ ਦੀ ਵਾਰ ਦੀ ਅਰਦਾਸ ਉਪਰੰਤ ਸਵਰਗੀ ਸੰਤ ਬਲਵੰਤ ਸਿੰਘ ਵਾਘਾ ਅਤੇ ਸੰਤ ਜਸਬੀਰ ਸਿੰਘ AGT ਨਮਿਤ ਪਾਠਾਂ ਦੇ ਭੋਗ ਪਾਏ ਗਏ, ਇੱਕ ਪਾਠ ਵਗ੍ਹੀਣੇ ਦਾ ਮਾਤਾ ਮਨਜੀਤ ਕੌਰ ਨਮਿੱਤ ਪਾਇਆ ਗਿਆ।

ਗੁਰਦੁਆਰੇ ਤੋਂ ਚੱਲ ਸਤਿਗੁਰੂ ਜੀ ਨੇ ਤਰਨਜੀਤ ਸਿੰਘ ਦੀ ਸੁਖ ਸਾਂਦ ਲਈ। ਉਪਰੰਤ ਪ੍ਰਧਾਨ ਸਾਧਾ ਸਿੰਘ ਜੀ ਦੇ ਘਰ ਜਾ ਉਹਨਾਂ ਨੂੰ ਦਰਸ਼ਨ ਦਿੱਤੇ ਫਿਰ ਨਾਮਧਾਰੀ ਕਲੋਨੀ ਵਿਚ ਹੀ ਭੁਪਿੰਦਰ ਕੌਰ ਸਪੁੱਤਰੀ ਸੰਤ ਸਤਨਾਮ ਸਿੰਘ ਨੂੰ ਦਰਸ਼ਨ ਦਿੱਤੇ। ਮਾਨਸਰੋਵਰ ਗਾਰਡਨ ਸੰਤ ਸਿੰਘ ਜੀ ਦੇ

ਘਰ ਦਰਸ਼ਨ ਦਿੱਤੇ। ਉਪਰੰਤ ਨੌਜਵਾਨ ਤਜਿੰਦਰ ਸਿੰਘ ਗੋਲਡੀ ਦੇ ਘਰ ਦਰਸ਼ਨ ਦਿੱਤੇ ਜੋ ਕਿ ਪਿਛਲੇ ਸਮੇਂ COVID ਦੇ ਕਰਕੇ ਸਤਿਗੁਰੂ ਪਰਤਾਪ ਸਿੰਘ ਅਸਪਤਾਲ ਵਿਚ ਗੰਭੀਰ ਅਵਸਥਾ 'ਚ ਦਾਖਿਲ ਰਿਹਾ ਸੀ ਅਤੇ ਸਤਿਗੁਰੂ ਜੀ ਦੀ ਵਿਸ਼ੇਸ਼ ਬਖ਼ਸ਼ਿਸ਼ ਨਾਲ ਸਵਸਥ ਹੋ ਠੀਕ ਠਾਕ ਘਰ ਪਰਤਿਆ ਸੀ। ਨਾਲ ਲਗਦੇ ਹੀ ਚਰਨਜੀਤ ਸਿੰਘ ਰਾਜਾ ਦੇ ਨਵੇਂ ਲਏ ਘਰ ਚਰਨ ਪਾ ਕੇ ਸਤਿਗੁਰੂ ਜੀ ਰਾਜੌਰੀ ਗਾਰਡਨ ਵਿਖੇ ਨੰਦ ਸਿੰਘ ਮਨਚੰਦਾ ਸਪੁੱਤਰ ਸਵਰਗੀ ਬਿੱਟੂ ਮਨਚੰਦਾ ਨੂੰ ਦਰਸ਼ਨ ਦਿੱਤੇ। ਪਿਤਾ ਦੀ ਮ੍ਰਿਤੂ ਤੋਂ ਬਾਅਦ ਡੋਲ੍ਹੇ ਹੋਏ ਨੰਦ ਸਿੰਘ ਨੂੰ ਹੌਂਸਲਾ ਬਖ਼ਸ਼ ਸਤਿਗੁਰੂ ਜੀ ਰਾਜੌਰੀ ਗਾਰਡਨ ਨਿਵਾਸ ਵਿਖੇ ਪਹੁੰਚੇ। ਹੰਸਪਾਲ ਜੀ, ਸੁੰਦਰ ਸਿੰਘ ਹੰਸਪਾਲ, ਹਰਜੀ ਸਿੰਘ ਕਿੱਟੂ ਜੀ, ਆਸਾ ਸਿੰਘ ਸਿਤਾਰ, ਗਿਆਨ ਕੌਰ ਸਪੁੱਤਰੀ ਸ. ਕੁਲਦੀਪ ਸਿੰਘ ਸ੍ਰੀ ਭੈਣੀ ਸਾਹਿਬ ਨਾਲ ਬਚਨ ਬਿਲਾਸ ਕਰਦਿਆਂ ਨੌਂ ਵੱਜ ਗਏ। ਹਰਪਾਲ ਸਿੰਘ ਸੋਧੀ ਨੇ ਪ੍ਰਸ਼ਾਦਾ ਛਕਾਇਆ। ਉਸਤਾਦ ਹਰਭਜਨ ਸਿੰਘ ਜੀ ਦੇ ਪਰਿਵਾਰ ਉਪਰੰਤ ਸਤਿਗੁਰੂ ਜੀ ਦੇ ਕੁੜਮ ਗੁਰਨਾਮ ਸਿੰਘ ਨੇ ਵੀ ਇਥੇ ਹੀ ਦਰਸ਼ਨ ਕੀਤੇ। ਕੁਝ ਚਿਰ ਆਰਾਮ ਕਰਨ ਬਾਅਦ ਘਰ ਜਾ ਦਰਸ਼ਨ ਦਿੱਤੇ। ਕਰੀਬ ਸਾਢੇ ਬਾਰਾਂ ਵਜੇ ਭਾਦਰਾ (ਰਾਜਸਥਾਨ) ਵਾਸਤੇ ਰਵਾਨਾ ਹੋਏ। ਅੱਜ ਪਹਿਲੀ ਵਾਰ ਮੈਂ ਵੀ ਉੱਜਲ ਕੌਰ ਜੀ ਦੀ ਪੁੱਤਰੀ ਭਾਵ ਦੁਨਿਆਵੀ ਤੌਰ 'ਤੇ ਸਤਿਗੁਰੂ ਜੀ ਦੀ ਦੋਹਤੀ ਦੇ ਸੁੰਦਰ ਮੁਖੜੇ ਨੂੰ ਨਿਹਾਰਿਆ। ਦਿੱਲੀ ਦੇ ਸੇਵਾਦਾਰਾਂ ਤੇ ਪ੍ਰਬੰਧਕਾਂ ਨੇ ਤਨੋਂ-ਮਨੋਂ ਸੇਵਾ ਨਿਭਾਈ। ਸਮੂਹ ਸੰਗਤ ਕਰੀਬ ਨੌਂ ਮਹੀਨੇ ਬਾਅਦ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋਈ।

**- ਹਰਪਾਲ ਸਿੰਘ ਸੋਧੀ**

## ਪ੍ਰਸਿੱਧ ਭਾਸ਼ਾ ਵਿਗਿਆਨੀ ਡਾ. ਜੁਗਿੰਦਰ ਸਿੰਘ ਪੁਆਰ ਨਹੀਂ ਰਹੇ

ਡਾਕਟਰ ਜੋਗਿੰਦਰ ਸਿੰਘ ਪੁਆਰ ਨਾਮਵਰ ਭਾਸ਼ਾ ਵਿਗਿਆਨੀ ਸਨ। ਉਹ ਜੀਵਨ ਦੇ ਅੰਤਲੇ ਸਾਹਾਂ ਤੱਕ ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਲਈ ਲਗਾਤਾਰ ਸੰਘਰਸ਼ਸ਼ੀਲ ਰਹੇ। ਡਾਕਟਰ ਪੁਆਰ ਦਾ ਜਨਮ 1934 ਈ. ਵਿੱਚ ਪਾਕਿਸਤਾਨ ਦੀ ਤਹਿਸੀਲ ਓਕਾੜਾ ਜ਼ਿਲ੍ਹਾ ਮਿੰਟਗੁਮਰੀ ਵਿੱਚ ਹੋਇਆ। ਉਨ੍ਹਾਂ ਨੇ ਪਹਿਲਾਂ ਭਾਰਤ ਵਿੱਚ ਪੜ੍ਹਾਈ ਕੀਤੀ ਤੇ ਫਿਰ ਲੰਡਨ ਯੂਨੀਵਰਸਿਟੀ ਤੋਂ ਐਮ. ਲਿੱਟ. ਦੀ ਡਿਗਰੀ ਪ੍ਰਾਪਤ ਕੀਤੀ। ਫਿਰ ਉਹ ਕਈ ਉੱਚ ਅਹੁਦਿਆਂ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ, 'ਦੇਸ਼ ਸੇਵਕ' ਅਖ਼ਬਾਰ ਦੇ ਸੰਪਾਦਕ ਆਦਿ ਵੀ ਰਹੇ। ਪੰਜਾਬੀ ਭਾਸ਼ਾ ਨੂੰ ਬਣਦਾ ਮਾਣ-ਸਨਮਾਨ ਦਿਵਾਉਣ ਲਈ 1980 ਈ. ਵਿੱਚ ਉਨ੍ਹਾਂ ਨੇ ਪੰਜਾਬੀ ਭਾਸ਼ਾ ਅਕਾਦਮੀ ਜਲੰਧਰ ਦੀ ਵੀ ਸਥਾਪਨਾ ਕੀਤੀ। ਉਨ੍ਹਾਂ ਨੇ ਕਈ ਕਿਤਾਬਾਂ ਪੰਜਾਬੀ ਮਾਂ-ਬੋਲੀ ਦੀ ਝੋਲੀ ਪਾਈਆਂ। 15 ਅਕਤੂਬਰ 2020 ਸਵੇਰੇ 2.30 ਵਜੇ ਉਹ ਸਰੀਰ ਤਿਆਗ ਗਏ। ਅਜਿਹੇ ਸ਼ਖ਼ਸ ਦੇ ਤੁਰ ਜਾਣ ਨਾਲ ਪੰਜਾਬੀ ਮਾਂ ਬੋਲੀ ਤੇ ਉਨ੍ਹਾਂ ਦੇ ਸਨੇਹੀਆਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਦੁੱਖ ਦੀ ਘੜੀ ਵਿੱਚ ਅਦਾਰਾ ਸਤਿਜੁਗ ਪਰਮਾਤਮਾ ਅੱਗੇ ਅਰਦਾਸ ਕਰਦਾ ਹੈ ਕਿ ਉਨ੍ਹਾਂ ਦੇ ਪਰਿਵਾਰ ਅਤੇ ਸੱਜਣਾਂ-ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

**ਜਸਵੰਤ ਸਿੰਘ ਮਸਤ**


VLCC/ FSO BelemaSweet

CERTIFICATE OF EXCELLENCE

Awarded to:

Mr. Jatinder Singh Rainu

Chief Engineer CL 1 COC 95W-10374 Govt. of India.

In recognition & appreciation for the contribution towards outstanding performance & Operational Excellence Without LTI.

Date: 03-Aug 2020
Dubai.

Essa Eshaq Rasool Ahmad
Project Manager
Drydocks World Dubai

This Certificate has been awarded to Chief Engineer Jatinder Singh Rainu, Govt. Of India Certified Class 1 Engineer Officer as Certificate of Excellence by Worlds best Shipping Dry Dock, Dry Dock World Dubai, Govt. Of UAE Entity.



# ਪਾਠ ਮੁਕਾਬਲੇ ਦੇ ਜੇਤੂ ਸਤਿਗੁਰੂ ਜੀ ਕੋਲੋਂ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ।












Date of Publication: 18-11-2020,
Date of Posting: 19-20 Nov. 2020

RNI NO. 55658/93 Delhi Postal Regd. No. DL(W) 01/2055/18-20

# ਪਰਲੋ

ਕੁਝ ਦਿਨਾਂ ਤੋਂ ਲੱਛਮੀ ਨੂੰ
ਡਰਾਉਣੇ ਸੁਪਨੇ ਅਉਂਦੇ ਨੇ

ਸੁਪਨਿਆਂ ਵਿਚ ਕੁੱਤੇ
ਬੰਦਿਆਂ ਦੀ ਬੋਲੀ ਬੋਲਦੇ ਨੇ
ਤੇ ਘੁੱਗੀਆਂ ਦੇ ਮਾਸ ਲਈ ਲੜਦੇ ਨੇ

ਕੁਝ ਦਿਨਾਂ ਤੋਂ ਨਗਰ
ਚੈਨ ਦੀ ਨੀਂਦ ਨਹੀਂ ਸੌਂਦਾ
ਰੋਜ਼ ਕੰਜਕਾਂ ਦੇ ਲਹੂ ਨਾਲ
ਲਥ-ਪਥ ਹੁੰਦੀਆਂ ਨੇ ਅਖ਼ਬਾਰਾਂ

ਖ਼ਬਰਾਂ ਸੁਣ ਸੁਣ ਡਰੀ ਹੋਈ ਲੱਛਮੀ
ਨਹੀਂ ਭੇਜਦੀ ਕਈ ਦਿਨਾਂ ਤੋਂ
ਆਪਣੀ ਅੱਲ੍ਹੜ ਧੀ ਨੂੰ ਸਕੂਲੇ

ਸੋਚਦੀ ਹੈ
ਚੰਗਾ ਸੀ ਜੇ ਉਹਨਾਂ ਦੇ ਘਰ ਧੀ ਨਾ ਹੁੰਦੀ

ਆਥਣ ਸਵੇਰ
ਤਾਕੀਦ ਕਰਦੀ ਹੈ ਧੀ ਦੇ ਬਾਪ ਨੂੰ
ਕੋਈ ਸਰਦਾ-ਪੁਜਦਾ ਘਰ-ਬਾਰ ਵੇਖ ਕੇ
ਸਿਰੋਂ ਭਾਰ ਲਾਹ ਦੇਵੇ

ਕਿ ਆਖ਼ਰ ਕਦ ਤੀਕ ਬੈਠਾ ਰਹੇ
ਕੋਈ ਬਗ਼ਾਨੇ ਧਨ ਦੀ ਰਾਖੀ

ਕਿ ਭੱਠੀ ਵਿਚ ਪੈਣ ਪੜ੍ਹਾਈਆਂ
ਤੇ ਖ਼ਸਮਾਂ ਨੂੰ ਖਾਣ ਸਰਕਾਰਾਂ ਦੇ ਕਨੂੰਨ...

ਕਿ ਜੇ ਇਹਨਾਂ ਕੋਲ
ਖੁੱਲ੍ਹੇ ਫਿਰਦੇ ਦਰਿੰਦਿਆਂ ਦੇ
ਗਲ਼ ਵਿਚ ਪਾਉਣ ਲਈ
ਗਿੱਠ ਰੱਸੀ ਵੀ ਨਹੀਂ...

ਤਾਂ ਧੀਆਂ ਨੇ ਕੀ ਲੈਣਾ
ਇਸ ਕਾਲ਼ੇ ਬੋਲ਼ੇ ਹਨ੍ਹੇਰ ਵਿਚ ਆ ਕੇ

ਧੀਆਂ ਮੁੜ ਜਾਣ
ਦੁਨੀਆਂ ਦੇ ਦਰਵਾਜ਼ੇ 'ਤੇ ਲਹੂ ਥੁੱਕ ਕੇ

ਤੇ ਕਦੇ ਨਾ ਦੇਖਣ
ਆਦਮ ਦੀ ਨਸਲ ਦਾ ਕੀ ਹਸ਼ਰ ਹੋਇਆ..
ਕਦੇ ਨਾ ਦੇਖਣ
ਦੁਨੀਆਂ 'ਤੇ ਪਰਲੋ ਕਿਵੇਂ ਆਈ...!!!

– ਸੁਖਵਿੰਦਰ ਅੰਮ੍ਰਿਤ

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.